# ਪੰਜਾਬੀ ਸਾਹਿਤ ਦੇ ਸੰਵੇਦਨਾਗਤ ਪਰਿਪੇਖ

ਮੁੱਖ ਸੰਪਾਦਕ
ਡਾ. ਸੁਖਵਿੰਦਰ ਸਿੰਘ ਪਰਮਾਰ

ਸੰਪਾਦਕ
ਡਾ. ਗਗਨਦੀਪ ਸਿੰਘ, ਡਾ. ਮਨਦੀਪ ਕੌਰ

# ਪੰਜਾਬੀ ਸਾਹਿਤ
# ਦੇ ਸੰਵੇਦਨਾਗਤ ਪਰਿਪੇਖ


## ਮੁੱਖ ਸੰਪਾਦਕ

**ਡਾ. ਸੁਖਵਿੰਦਰ ਸਿੰਘ ਪਰਮਾਰ**

ਐਮ.ਏ. (ਪੰਜਾਬੀ, ਲਿੰਗੁਇਸਟਿਕਸ, ਐਜੂਕੇਸ਼ਨ),

ਪੀ-ਐਚ.ਡੀ., ਯੂ.ਜੀ.ਸੀ. (ਨੈੱਟ)

## ਸੰਪਾਦਕ

**ਡਾ. ਗਗਨਦੀਪ ਸਿੰਘ**

ਐਮ.ਏ.(ਪੰਜਾਬੀ), ਪੀ-ਐਚ.ਡੀ.,

ਯੂ.ਜੀ.ਸੀ.(ਨੈੱਟ)

**ਡਾ. ਮਨਦੀਪ ਕੌਰ**

ਐਮ.ਏ.(ਪੰਜਾਬੀ),ਪੀ-ਐਚ.ਡੀ.,

ਯੂ.ਜੀ.ਸੀ.(ਨੈੱਟ)



ਅਨਾਦ

# Punjabi Sahit De Sanvednagat Paripekh

**Chief Editor**

**© Dr. Sukhwinder Singh Parmar**

**M.A. (Punjabi, Linguistics, Education) Ph.D., U.G.C. (NET)**

**# 157, Surkhav House, Sohian Road, Sangrur-148001**

**M: 98148-76266**

**Editor**

**Dr. Gagandeep Singh**
M.A. (Punjabi), Ph.D.,
U.G.C. (NET)
Sangrur
M.: 94171-71793

**Dr. Mandeep Kaur**
M.A. (Punjabi), Ph.D.,
U.G.C. (NET)
Sangrur
M.: 94469-84009

**1st Edition - 2021**

ISBN-978-81-951879-0-4
Rs. 325/-

**Published by**

**Anhad Publication Sangrur**

Street No.1, Above Chawla Bus Office,
Guru Nanak Colony, Sangrur {148001} Punjab.
Mob. 97819-67057, 70877-54822
Email : anhadpublicationsng@gmail.com

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਤਤਕਰਾ


ਪੁਸਤਕ ਮੁਹਾਂਦਰਾ — ਡਾ. ਸੁਖਵਿੰਦਰ ਸਿੰਘ ਪਰਮਾਰ — vii

ਸੰਪਾਦਕੀ — ਡਾ. ਗਗਨਦੀਪ ਸਿੰਘ, ਡਾ. ਮਨਦੀਪ ਕੌਰ — viii-xii

**1. ਭਾਸ਼ਾ ਵਿਗਿਆਨਕ ਪਰਿਪੇਖ**

(ੳ) ਸਾਸਿਊਰ ਦੇ ਭਾਸ਼ਾਈ ਸੰਕਲਪ: ਵਿਗਿਆਨਕ ਅਧਿਐਨ
- ਡਾ. ਸੁਖਵਿੰਦਰ ਸਿੰਘ ਪਰਮਾਰ — 2-11

(ਅ) ਭਾਸ਼ਾ ਵਿਗਿਆਨੀ ਏ.ਜੇ. ਗ੍ਰੇਮਾਸ ਦੇ ਮੂਲ ਸੰਕਲਪ ਅਤੇ ਅਕਟਾਂਸ਼ੀਅਲ ਮਾਡਲ ਦਾ ਅਧਿਐਨ
- ਪ੍ਰੋਫ਼ੈਸਰ (ਡਾ.) ਇੰਦਰਜੀਤ ਸਿੰਘ ਚੀਮਾ — 12-28

(ੲ) ਚੋਮਸਕੀ ਦੀ ਰੂਪਾਂਤਰੀ ਵਿਆਕਰਨ ਦੀਆਂ ਬੁਨਿਆਦੀ ਧਾਰਨਾਵਾਂ
- ਡਾ. ਸੁਖਵਿੰਦਰ ਸਿੰਘ ਪਰਮਾਰ — 29-34

(ਸ) ਰੋਮਨ ਜੈਕਬਸਨ ਦਾ ਭਾਸ਼ਾਈ ਸੰਚਾਰ ਮਾਡਲ
- ਪ੍ਰੋਫ਼ੈਸਰ (ਡਾ.) ਇੰਦਰਜੀਤ ਸਿੰਘ ਚੀਮਾ, ਪਰਮਿੰਦਰ ਸਿੰਘ — 35-43

(ਹ) ਪੰਜਾਬੀ ਵਾਕ: ਨਿਕਟ ਅੰਗ ਵਿਸ਼ਲੇਸ਼ਣ ਅਤੇ ਵਾਕਾਤਮਕ ਬਣਤਰਾਂ
- ਡਾ. ਸੁਖਵਿੰਦਰ ਸਿੰਘ ਪਰਮਾਰ — 44-52

**2. ਸੱਭਿਆਚਾਰਕ ਅਤੇ ਲੋਕਧਾਰਾਈ ਪਰਿਪੇਖ**

(ੳ) ਸੱਭਿਆਚਾਰ ਸਿਧਾਂਤ: ਮੈਟਾ ਅਧਿਐਨ
- ਪ੍ਰੋ. ਪਰਮਪ੍ਰੀਤ ਕੌਰ — 54-71

(ਅ) ਲੋਕਧਾਰਾ ਸਿਧਾਂਤ: ਮੈਟਾ ਚਿੰਤਨ
- ਪ੍ਰੋ. ਪਰਮਪ੍ਰੀਤ ਕੌਰ — 72-104

(ੲ) ਪੰਜਾਬੀ ਸੱਭਿਆਚਾਰ ਅਤੇ ਮੀਡੀਆ: ਅੰਤਰ ਸੰਬੰਧ
- ਡਾ. ਸੁਖਵਿੰਦਰ ਸਿੰਘ ਪਰਮਾਰ — 105-113

(ਸ) ਮਿਥ ਅਤੇ ਹੋਰ ਅਨੁਸ਼ਾਸਨ: ਅੰਤਰ ਸੰਬੰਧ
- ਡਾ. ਪਰਦੀਪ ਕੌਰ — 114-126

(ਹ) ਸੰਸਾਰੀਕਰਨ ਦੇ ਮੱਦੇਨਜ਼ਰ ਪੰਜਾਬੀ ਸੱਭਿਆਚਾਰ ਨੂੰ ਦਰਪੇਸ਼ ਚੁਣੌਤੀਆਂ
- ਪ੍ਰੋ. ਮਨਦੀਪ ਕੌਰ ਦਿੜ੍ਹਬਾ — 127-135

**3. ਭਗਤੀ ਅਤੇ ਗੁਰਮਤਿ ਕਾਵਿ ਪਰਿਪੇਖ**

(ੳ) ਭਗਤ ਨਾਮਦੇਵ ਬਾਣੀ ਦੀ ਚੇਤਨਾ-ਇੱਕ ਚਿੰਤਨ
- ਡਾ. ਸੁਖਵਿੰਦਰ ਸਿੰਘ ਪਰਮਾਰ — 138-145

(ਅ) ਭਗਤ ਕਬੀਰ ਜੀ ਦਾ ਜੀਵਨ ਅਤੇ ਚਿੰਤਨ
- ਡਾ. ਮਨਦੀਪ ਕੌਰ ਚਹਿਲ — 146-160

(ੲ) ਭਗਤ ਰਵਿਦਾਸ ਬਾਣੀ ਵਿਚ ਦਲਿਤ ਚੇਤਨਾ 161–169
- ਪ੍ਰੋ. ਤਪਿੰਦਰ ਕੌਰ
(ਸ) ਬ੍ਰਹਿਮੰਡੀ ਸੱਚ ਦਾ ਕੇਂਦਰੀ ਨੁਕਤਾ: ਸਲੋਕ ਗੁਰੂ ਤੇਗ ਬਹਾਦਰ ਜੀ 170–178
- ਡਾ. ਸੁਖਵਿੰਦਰ ਸਿੰਘ ਪਰਮਾਰ
(ਹ) ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿੱਚ 'ਗੁਰੂ ਨਾਨਕ ਸ਼ਖ਼ਸੀਅਤ ਅਤੇ ਸਿ
ਇਤਿਹਾਸ' 179–182
- ਡਾ. ਸੁਖਵਿੰਦਰ ਸਿੰਘ ਪਰਮਾਰ

4. **ਸੂਫ਼ੀ ਕਿੱਸਾ ਅਤੇ ਬੀਰ ਕਾਵਿ ਪਰਿਪੇਖ**
(ੳ) ਬਾਬਾ ਫ਼ਰੀਦ, ਸ਼ਾਹ ਹੁਸੈਨ ਅਤੇ ਬੁੱਲ੍ਹੇ ਸ਼ਾਹ ਦਾ ਵਿਚਾਰਧਾਰਾਈ ਦ੍ਰਿਸ਼ਟੀਕੋਣ 184–210
- ਪ੍ਰੋ. ਰਾਜਵਿੰਦਰ ਕੌਰ
(ਅ) ਪੀਲੂ ਰਚਿਤ ਕਿੱਸਾ 'ਮਿਰਜ਼ਾ ਸਾਹਿਬਾ': ਸਾਹਿਤਕ ਮੁਲਾਂਕਣ 211–224
- ਡਾ. ਸਰੋਜ ਰਾਣੀ ਸ਼ਰਮਾ
(ੲ) ਮੂਲ ਸਰੋਤ 'ਮਾਰਕੰਡੇ ਪੁਰਾਣ' ਅਤੇ 'ਚੰਡੀ ਦੀ ਵਾਰ' ਦਾ ਤੁਲਨਾਤਮਕ ਅਧਿਐਨ 225–233
- ਸ਼੍ਰੀਮਤੀ ਰਵਿੰਦਰ ਕੌਰ ਪਰਮਾਰ
(ਸ) ਹਾਸ਼ਮ ਦੀ ਕਿੱਸਾਕਾਰੀ 'ਸੱਸੀ ਪੁੰਨੂੰ': ਇੱਕ ਅਧਿਐਨ 234–248
- ਡਾ. ਸਰੋਜ ਰਾਣੀ ਸ਼ਰਮਾ
(ਹ) ਪੰਜਾਬੀਅਤ ਦੀ ਤਸਦੀਕ: ਸ਼ਾਹ ਮੁਹੰਮਦ ਦਾ ਜੰਗਨਾਮਾ ਸਿੰਘ ਤੇ ਫਰੰਗੀਆਂ 249–256
- ਡਾ. ਸੁਖਵਿੰਦਰ ਸਿੰਘ ਪਰਮਾਰ

5. **ਪੰਜਾਬੀ ਵਾਰਤਕ ਪਰਿਪੇਖ**
(ੳ) ਮੱਧ ਕਾਲੀਨ ਜਨਮ ਸਾਖੀ ਸਾਹਿਤ-ਇੱਕ ਵਿਸ਼ਲੇਸ਼ਣ (ਪੁਰਾਤਨ ਜਨਮ ਸਾਖੀ ਦੇ
ਸੰਦਰਭ ਵਿਚ) 258–263
- ਡਾ. ਕਮਲਜੀਤ ਕੌਰ
(ਅ) ਪੰਜਾਬੀ ਸੱਭਿਆਚਾਰ ਦੀ ਆਰਸੀ: ਪੰਜਾਬੀ ਬਾਤਚੀਤ 264–271
- ਡਾ. ਸੁਖਵਿੰਦਰ ਸਿੰਘ ਪਰਮਾਰ
(ੲ) ਗੁਰਬਖਸ਼ ਸਿੰਘ ਪ੍ਰੀਤਲੜੀ 'ਸਾਵੀ ਪੱਧਰੀ ਜ਼ਿੰਦਗੀ': ਇੱਕ ਅਧਿਐਨ 272–292
- ਡਾ. ਗਗਨਦੀਪ ਸਿੰਘ
(ਸ) ਬਲਵੰਤ ਗਾਰਗੀ: ਵਾਰਤਕ ਜੁਗਤਾਂ 293–303
- ਪ੍ਰੋ. ਮਨਦੀਪ ਕੌਰ ਦਿੜ੍ਹਬਾ
(ਹ) 'ਡੂੰਘੀਆਂ ਸਿਖਰਾਂ' ਦਾ ਵਿਚਾਰਾਧਾਰਾਈ ਅਧਿਐਨ 304–310
- ਡਾ. ਕਮਲਜੀਤ ਕੌਰ

# ਗੁਰਬਖਸ਼ ਸਿੰਘ ਪ੍ਰੀਤਲੜੀ 'ਸਾਵੀ ਪੱਧਰੀ ਜ਼ਿੰਦਗੀ'- ਵਿਚਾਰਧਾਰਕ ਪਰਿਪੇਖ

ਡਾ. ਗਗਨਦੀਪ ਸਿੰਘ*

ਵੀਹਵੀਂ ਸਦੀ ਦਾ ਪੰਜਾਬੀ ਸਾਹਿਤ ਪੱਛਮੀ ਸਾਹਿਤ ਤੇ ਜੀਵਨ-ਜਾਚ ਦੇ ਪ੍ਰਭਾਵ ਹੇਠ ਲਗਾਤਾਰ ਬਦਲ ਰਹੀਆਂ ਪਰਸਥਿਤੀਆਂ, ਜੀਵਨ-ਗਤੀਸ਼ੀਲਤਾ ਤੇ ਵਿਗਿਆਨ ਦੀਆਂ ਲਗਾਤਾਰ ਹੋ ਰਹੀਆਂ ਈਜਾਦਾਂ ਕਰਕੇ ਮਨੁੱਖੀ-ਜੀਵਨ ਪ੍ਰਤੀ ਬਦਲ ਰਹੀ ਸੋਚ-ਸਮਝ ਦੇ ਪ੍ਰਭਾਵ ਨੂੰ ਕਬੂਲਦੇ ਹੋਏ ਇਸ ਸਦੀ ਦੇ ਸਭ ਤੋਂ ਵੱਧ ਨਾਮਵਰ, ਚਰਚਿਤ ਅਤੇ ਵਾਚਿਆ-ਵਿਚਾਰਿਆ ਜਾਣ ਵਾਲਾ ਬਹੁਪੱਖੀ ਪ੍ਰਤਿਭਾਵਾਨ ਸਾਹਿਤਕਾਰ, ਪੱਤਰਕਾਰ ਅਤੇ ਪੰਜਾਬੀ ਵਾਰਤਕ ਦੇ ਰਸੀਲੇ ਸ਼ੈਲੀਕਾਰ ਗੁਰਬਖ਼ਸ਼ ਸਿੰਘ ਪੰਜਾਬੀ ਸਾਹਿਤ ਅਤੇ ਪੱਤਰਕਾਰੀ ਦੇ ਇਤਿਹਾਸ ਦੇ ਇੱਕ 'ਹਾਸਿਲ' ਹਨ।

ਗੁਰਬਖ਼ਸ਼ ਸਿੰਘ ਨੇ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਵਾਰਤਕ, ਕਹਾਣੀ, ਨਾਵਲ, ਪੱਤਰਕਾਰੀ ਤੇ ਨਾਟਕਕਾਰ ਆਦਿ ਵਿਚ ਆਪਣੀ ਪਛਾਣ ਬਣਾਈ। ਮਨੁੱਖਤਾ ਨਾਲ ਜੁੜੇ ਲਗਭੱਗ ਹਰ ਖੇਤਰ ਨਾਲ ਸਬੰਧਤ ਵਿਸ਼ਿਆਂ ਉੱਪਰ ਸਾਹਿਤ ਰਚਨਾ ਕੀਤੀ। ਉਸਨੇ ਲਗਭੱਗ 64 ਮੁੱਲਵਾਨ ਪੁਸਤਕਾਂ ਪੰਜਾਬੀ ਸਾਹਿਤ ਨੂੰ ਦਿੱਤੀਆਂ। ਉਸਨੇ ਆਪਣੇ ਸ਼ੁਰੂ ਕੀਤੇ ਮਹੀਨਾਵਾਰ ਪੱਤਰ 'ਪ੍ਰੀਤਲੜੀ' ਰਾਹੀਂ ਬੇਸ਼ੁਮਾਰ ਸਾਹਿਤ ਪੰਜਾਬੀ ਪਾਠਕਾਂ ਦੇ ਸਨਮੁੱਖ ਪੇਸ਼ ਕਰਨ ਦੇ ਨਾਲ ਨਵੇਂ ਉੱਭਰ ਰਹੇ ਲੇਖਕਾਂ ਦੀਆਂ ਰਚਨਾਵਾਂ ਛਾਪ ਉਨ੍ਹਾਂ ਨੂੰ ਲੇਖਣ-ਕਾਰਜ ਕਰਨ ਲਈ ਉਤਸ਼ਾਹਿਤ ਕੀਤਾ।

ਗੁਰਬਖ਼ਸ਼ ਸਿੰਘ ਵੱਲੋਂ ਲਿਖੀਆਂ ਪੁਸਤਕਾਂ ਦੀ ਗਿਣਤੀ ਲੇਖਕ ਦੀ ਲੇਖਣ ਪ੍ਰਤੀ ਸਿਰੜ੍ਹਤਾ, ਸਖ਼ਤ ਮਿਹਨਤ, ਜੀਵਨ ਘਾਲਣਾ ਅਤੇ ਸਹਿਜਤਾ ਦਾ ਅਹਿਸਾਸ ਕਰਵਾਉਂਦੀ ਹੈ। ਵੀਹਵੀਂ ਸਦੀ ਦੇ ਮੱਧਲੇ ਦਹਾਕਿਆਂ ਦੇ ਸਭ ਤੋਂ ਵੱਧ ਪੜ੍ਹੇ ਜਾਣ ਵਾਲੇ ਅਤੇ ਪਾਠਕਾਂ ਵਿਚ ਹਰਮਨ ਪਿਆਰੇ ਸਾਹਿਤਕਾਰ ਰਹੇ ਹਨ। ਪੰਜਾਬੀ ਸਾਹਿਤ ਵਿਚ ਉਹ ਇੱਕ ਪ੍ਰੀਤ-ਪੁਜਾਰੀ ਅਤੇ ਰਸੀਲੇ ਵਾਰਤਕ ਸ਼ੈਲੀਕਾਰ ਮੰਨੇ ਜਾਂਦੇ ਹਨ। ਆਪਣੇ ਵਿਗਿਆਨਕ ਤੇ ਆਦਰਸ਼ਵਾਦੀ ਵਿਚਾਰਾਂ ਕਰਕੇ "ਪਿਆਰ ਕਬਜ਼ਾ ਨਹੀਂ ਪਹਿਚਾਣ ਹੈ" ਦੇ ਸਹਿਜਪ੍ਰੀਤ ਦੇ ਸੰਕਲਪ, ਚੁੰਬਕੀ ਸ਼ਖ਼ਸੀਅਤ, ਸ਼ਿਸ਼ਟਾਚਾਰ, ਵਿਸ਼ਿਆਂ ਦੀ ਵੰਨ-ਸੁਵੰਨਤਾ ਤੇ ਪ੍ਰਗਟਾਵੇ ਦੀ ਰਸਭਿੰਨੀ ਅਲੰਕਾਰਕ ਸ਼ੈਲੀ ਕਰਕੇ ਉਹ ਪੰਜਾਬੀ ਸਾਹਿਤ ਦੇ ਹਰਮਨ ਪਿਆਰੇ ਰਚਨਾਕਾਰ ਰਹੇ ਹਨ।

ਜੀਵਨ ਦੇ ਆਰੰਭਕ ਵਰ੍ਹਿਆਂ ਵਿਚ ਗੁਰਬਖ਼ਸ਼ ਸਿੰਘ ਦੇ ਪਿਤਾ ਦੇ ਅਕਾਲ ਚਲਾਣੇ ਕਰਕੇ ਸਖ਼ਤ ਘਾਲਣਾ ਘਾਲਣੀ ਪਈ ਜਿਸ ਕਾਰਨ ਪਰਪੱਕਤਾ, ਮਨੋਵਿਗਿਆਨਕ ਦ੍ਰਿੜ੍ਹਤਾ ਤੇ ਸਹਿਜਤਾ ਸ਼ਖ਼ਸੀਅਤ ਦਾ ਅੰਗ ਬਣ ਗਈ। ਅਮਰੀਕਾ

*ਸਹਾਇਕ ਪ੍ਰੋਫੈਸਰ ਅਤੇ ਮੁਖੀ ਪੰਜਾਬੀ ਵਿਭਾਗ, ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ, ਸੁਨਾਮ।

'ਚ ਇੰਜਨੀਅਰਿੰਗ ਦੀ ਪੜ੍ਹਾਈ ਅਤੇ ਪੱਛਮੀ ਦੇਸ਼ਾਂ ਦੀ ਯਾਤਰਾ ਸਮੇਂ ਵਿਗਿਆਨਕ ਤੇ ਅਗਾਂਹਵਧੂ ਸੋਚ-ਸਮਝ, ਮਨੁੱਖਤਾ ਦੇ ਭਲੇ ਵਾਲੀ ਇੱਛਾ-ਸ਼ਕਤੀ, ਸੁਚੱਜੇ ਆਚਰਣ ਤੇ ਸਲੀਕੇ ਵਾਲੀ ਦਿਨ-ਚਰਿਆ ਕਰਕੇ ਪਾਠਕਾਂ ਨੂੰ ਆਦਰਸ਼ਵਾਦੀ ਜੀਵਨ-ਜਿਉਣ ਦੀ ਸੇਧ ਦਿੱਤੀ।

ਪੱਛਮੀ ਜੀਵਨ-ਜਾਚ ਅਤੇ ਵਿਚਾਰਧਾਰਾ ਨੇ ਉਸ ਦੇ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਨੂੰ ਵਿਸ਼ਾਲ ਕੀਤਾ ਜਿਸ ਕਰਕੇ ਉਹ ਸਾਡੇ ਸਮਾਜ ਵਿਚ ਘਰ ਕਰ ਚੁੱਕੀਆਂ ਦਕਿਆਨੂਸੀ ਸੰਕੀਰਣ ਵਿਚਾਰਾਂ ਅਤੇ ਸਮਾਜਕ ਜਕੜਬੰਦੀ- ਪਾਬੰਦੀਆਂ ਦਾ ਵਿਰੋਧ ਕਰਦੇ ਰਹੇ। ਉਸ ਨੇ ਆਪਣੇ ਸਾਹਿਤ ਰਾਹੀਂ ਇਹ ਅਹਿਸਾਸ ਕਰਵਾਇਆ ਕਿ ਸਾਨੂੰ ਪੱਛਮੀ ਸੱਭਿਅਤਾ ਦੀਆਂ ਸਮਾਜਕ ਕਦਰਾਂ-ਕੀਮਤਾਂ ਦੀ ਖੁੱਲ੍ਹਤਾ ਨੂੰ ਅਪਣਾਉਣ ਦੇ ਨਾਲ-ਨਾਲ ਜ਼ਿੰਮੇਵਾਰੀਆਂ ਵੀ ਉਨ੍ਹਾਂ ਵਾਂਗ ਸਮਾਜਕ ਸਦਾਚਾਰਕਤਾ 'ਚ ਰਹਿ ਕੇ ਨਿਭਾਉਣੀਆਂ ਚਾਹੀਦੀਆਂ ਹਨ।

ਸਤੰਬਰ 1933 ਈ: ਵਿਚ ਜਦੋਂ ਉਸ ਨੇ 'ਪ੍ਰੀਤਲੜੀ' ਦਾ ਸੰਪਾਦਨ ਅਤੇ ਪ੍ਰਕਾਸ਼ਨਾ ਆਰੰਭ ਕੀਤੀ ਉਸ ਸਮੇਂ ਪੰਜਾਬ ਵਿਚ ਲੋਕਾਈ 'ਆਰੀਆ ਸਮਾਜੋ ਤੇ' ਸਿੰਘ ਸਭਾ ਲਹਿਰੋ ਤੋਂ ਪ੍ਰਭਾਵਿਤ ਸੀ। ਇਸ ਸਮੇਂ ਗੁਰਬਖ਼ਸ਼ ਸਿੰਘ ਨੇ ਲੋਕਾਂ ਦੇ ਸਮਾਜਕ ਅਤੇ ਮਨੋ-ਵਿਗਿਆਨਕ ਸਰੋਕਾਰਾਂ ਨੂੰ ਵਿਗਿਆਨਕ ਤੇ ਅਗਾਂਹਵਧੂ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਅਤੇ ਸੁਚੱਜੇ ਹੱਲ ਤੇ ਸੁਝਾਅ ਦਿੱਤੇ। ਖਾਸ ਕਰਕੇ ਔਰਤ-ਮਰਦ ਇਸ਼ਕ ਅਤੇ ਲਿੰਗ-ਗਿਆਨ ਵਰਗੇ ਵਰਜਿਤ ਅਤਿ-ਨਾਜ਼ਕ ਵਿਸ਼ਿਆਂ 'ਤੇ ਉਸ ਸਮੇਂ ਗੱਲ ਕਰਨਾ ਦਲੇਰਾਨਾ ਯਤਨ ਸੀ।

ਅਮਰੀਕੀ ਸਿੱਖਿਆ ਅਤੇ ਕਈ ਵਰ੍ਹਿਆਂ ਦੀ ਠਹਿਰ ਨੇ ਉੱਥੋਂ ਦੇ ਜਨ-ਜੀਵਨ ਵਿਚ ਵਿਚਰਨ ਅਤੇ ਪੱਛਮੀ ਦੇਸ਼ਾਂ ਦੀ ਯਾਤਰਾ ਨੇ ਉਸਦੀ ਸ਼ਖ਼ਸੀਅਤ ਨਿਖਾਰ ਦਿੱਤੀ ਅਤੇ ਸੋਚ-ਸਮਝ ਅਤੇ ਦ੍ਰਿਸ਼ਟੀਕੋਣ ਵਿਚ ਤੀਖਣਤਾ ਤੇ ਵਿਸ਼ਾਲਤਾ ਆਈ। ਜਿਸ ਕਰਕੇ ਉਹ ਸਾਡੇ ਸਮਾਜ ਵਿਚ ਘਰ ਕਰ ਗਈਆਂ ਸੰਕੀਰਣ-ਸੋਚਾਂ, ਅਰਥਹੀਣ ਸਮਾਜਕ ਵਰਜਨਾਵਾਂ ਦਾ ਵਿਰੋਧ ਤਿੱਖੀ ਸੁਰ 'ਚ ਕਰਦਾ ਹੈ। ਪੱਛਮ ਦੀ ਵਿਗਿਆਨਕ ਸਦਾਚਾਰਕਤਾ ਨੂੰ ਆਪਣੇ ਦੇਸ਼ ਦੇ ਲੋਕਾਂ ਵੱਲੋਂ ਅਪਣਾਏ ਜਾਣ ਲਈ ਸੁਹਿਰਦ ਯਤਨ ਆਰੰਭੇ।

'ਪ੍ਰੀਤਲੜੀ' ਪੱਤ੍ਰਿਕਾ ਦੇ ਸੰਪਾਦਨ ਕਰਕੇ ਉਸ ਨੇ ਆਪਣੇ ਨਵੇਂ ਵਿਚਾਰਾਂ, ਜਜ਼ਬਿਆਂ, ਜੀਵਨ-ਆਦਰਸ਼ਾਂ ਅਤੇ ਵਿਚਾਰਧਾਰਾਈ ਸੁਪਨਿਆਂ ਨੂੰ ਪਾਠਕਾਂ ਨਾਲ ਸਾਂਝੇ ਕੀਤਾ। ਸਦਾਚਾਰਕ ਜੀਵਨ ਆਦਰਸ਼ਾਂ ਤੋਂ ਖੰਡਿਤ ਹੋ ਚੁੱਕੀ ਲੋਕਾਈ ਨੂੰ ਵਹਿਮਾਂ-ਭਰਮਾਂ ਅਤੇ ਦਕਿਆਨੂਸੀ ਰੀਤੀ-ਰਿਵਾਜ਼ਾਂ ਤੋਂ ਰਹਿਤ ਨਵੀਂ ਨਰੋਈ ਜੀਵਨ-ਜਾਚ ਅਪਣਾਉਣ ਦੇ ਨਿੱਗਰ ਸੁਨੇਹੇ 'ਸਾਵੀਂ ਪੱਧਰੀ ਜ਼ਿੰਦਗੀ' ਜਿਉਣ ਦੇ ਮਹੱਤਵ ਦੀ ਅਹਿਮੀਅਤ ਦਾ ਅਹਿਸਾਸ ਕਰਵਾ ਦਿੱਤਾ। ਜਿਸ ਕਰਕੇ ਉਸ ਦੇ ਪਾਠਕਾਂ ਦੀ ਗਿਣਤੀ ਨਿਰੰਤਰ ਵੱਧਦੀ ਗਈ। ਪੱਤ੍ਰਿਕਾ 'ਪ੍ਰੀਤਲੜੀ' ਸਤੰਬਰ 1933 ਈ. ਦੇ ਅੰਕ ਦੀ ਗਿਣਤੀ 500 ਸੀ ਜੋ ਸਤੰਬਰ 1973 ਈ. ਵਿਚ ਲਗਭੱਗ 21000

ਤੱਕ ਪਹੁੰਚ ਗਈ। ਇਨ੍ਹਾਂ ਲਗਭੱਗ 40 ਸਾਲਾਂ ਵਿਚ ਮੱਧਵਰਗੀ ਸਿੱਖਿਅਤ ਵਰਗ ਅਤੇ ਨੌਜਵਾਨ ਪਾਠਕਾਂ ਦੀ ਗਿਣਤੀ ਲਗਾਤਾਰ ਵੱਧਦੀ ਰਹੀ। ਇਸੇ ਲਈ "ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਪ੍ਰਤੀਨਿਧ ਲੇਖ" ਪੁਸਤਕ ਦੇ ਮੁੱਖ-ਸ਼ਬਦ ਵਿਚ ਜੋਗਿੰਦਰ ਸਿੰਘ ਪੁਆਰ ਨੇ ਕਿਹਾ ਹੈ , "ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਪੰਜਾਬੀ ਸਾਹਿਤ-ਜਗਤ ਵਿਚ ਪਰਵੇਸ਼ ਕਰਦਿਆਂ ਹੀ ਆਪਣੀ ਕਲਮ ਦੇ ਜਾਦੂ ਨਾਲ ਪਾਠਕਾਂ ਨੂੰ ਅਜਿਹਾ ਮੋਹਿਆ ਕਿ ਉਨ੍ਹਾਂ ਨੇ ਸਾਵੀਂ ਪੱਧਰੀ ਜ਼ਿੰਦਗੀ ਜੀਉਣ ਲਈ ਉਸ ਦੇ ਵਿਚਾਰਾਂ ਨੂੰ ਧੜਾ-ਧੜ ਅਪਣਾ ਲਿਆ। ਨਵੀਂ ਚੇਤਨਾ ਦੇ ਅਲੰਬਰਦਾਰ ਗੁਰਬਖ਼ਸ਼ ਸਿੰਘ ਨੇ ਆਮ ਜੀਵਨ ਨੂੰ ਦਰਪੇਸ਼ ਰੁਕਾਵਟਾਂ ਦੀ ਨਿਸ਼ਾਨਦੇਹੀ ਕੀਤੀ ਉਨ੍ਹਾਂ ਤੋਂ ਛੁਟਕਾਰੇ ਲਈ ਸੰਤੁਲਤ ਵਿਅਕਤੀਤਵ ਉਸਾਰਨ ਦਾ ਸੰਦੇਸ਼ ਦਿੱਤਾ ਅਤੇ ਸਮੇਂ ਦੀ ਚਾਲ ਨਾਲ ਨਾ ਚੱਲ ਸਕਣ ਵਾਲੀਆਂ ਧਾਰਮਕ, ਸਮਾਜਕ, ਰੂੜੀਵਾਦੀ ਕਦਰਾਂ-ਕੀਮਤਾਂ ਨੂੰ ਤਿਆਗਣ ਲਈ ਪਰੇਰਿਆ। ਉਸ ਨੇ ਆਪਣੇ ਪ੍ਰੀਤ ਭਰੇ ਕਾਵਿਮਈ ਬੋਲਾਂ ਰਾਹੀਂ ਇਕ ਨਵੇਂ ਸਭਿਆਚਾਰ ਦਾ ਚਿਤਰ ਪੇਸ਼ ਕਰਕੇ ਸਾਧਾਰਨ ਪਾਠਕਾਂ ਤੱਕ ਨੂੰ ਪ੍ਰਸੰਨ ਜੀਵਨ ਬਸਰ ਕਰਨ ਵਾਸਤੇ ਉਤਸਾਹਤ ਕੀਤਾ ਅਤੇ ਇੰਜ ਲੋਕਮਨ ਨੂੰ ਨਵੀਂ ਚੇਤਨਾ ਗੈਰਹਿਣ ਕਰਨ ਲਈ ਤਿਆਰ-ਬਰ-ਤਿਆਰ ਕਰ ਦਿੱਤਾ।"[1]

ਗੁਰਬਖ਼ਸ਼ ਸਿੰਘ ਨੇ ਆਪਣੀਆਂ ਰਚਨਾਵਾਂ ਵਿਚ ਮਨੁੱਖਤਾ ਨਾਲ ਸਬੰਧਤ ਹਰ ਵਿਸ਼ੇ ਨੂੰ ਵਿਚਾਰਿਆ ਜਿਵੇਂ: ਪਿਆਰ, ਵਿਆਹ, ਔਰਤ-ਮਰਦ ਸਬੰਧ, ਪਰਿਵਾਰਕ ਸਰੋਕਾਰਾਂ, ਧਾਰਮਕ ਰਹੁਰੀਤਾਂ, ਆਹਾਰ-ਵਿਹਾਰ, ਸ਼ਿਸ਼ਟਾਚਾਰੀ-ਸਦਾਚਾਰਕਤਾ ਅਤੇ ਉਸ ਸਮੇਂ ਦੇ ਕਾਮ ਵਰਗੇ ਅਤਿ-ਸੰਵੇਦਨਸ਼ੀਲ ਵਿਸ਼ੇ ਤੋਂ ਲੈ ਕੇ ਪ੍ਰਾਚੀਨਤਾ, ਨਵੀਨਤਾ, ਇਤਿਹਾਸ-ਮਿਥਿਹਾਸ, ਰਾਜਨੀਤੀ, ਆਤਮਾ-ਪਰਮਾਤਮਾ, ਗੁਰਮਤਿ, ਜੰਗ-ਅਮਨ, ਸਮਾਜਵਾਦ, ਇਨਕਲਾਬ ਆਦਿ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਵਿਚਾਰ ਕੇ ਆਪਣੀ ਸੱਜਰੀ ਸ਼ੈਲੀ ਰਾਹੀਂ ਪਾਠਕਾਂ ਦੇ ਸਨਮੁੱਖ ਰੱਖਿਆ ਜਿਸ ਕਰਕੇ ਪਾਠਕ ਸੁਚੱਜੀ ਜੀਵਨ-ਜਾਚ ਅਪਣਾਉਣ ਸਬੰਧੀ ਸੁਜੱਗ ਹੋਏ। ਗੁਰਬਖ਼ਸ਼ ਸਿੰਘ ਨੇ ਨਵੰਬਰ1943 ਈ. ਦੇ ਅੰਕ ਵਿਚ 'ਪ੍ਰਸ਼ਨੋਤਰੀ' ਨਾਂ ਦਾ ਇੱਕ ਨਵਾਂ ਵੱਖਰਾ ਕਾਲਮ ਆਰੰਭ ਕੀਤਾ ਜਿਸ ਰਾਹੀਂ ਪਾਠਕਾਂ ਦੇ ਵੱਖ-ਵੱਖ ਵਿਸ਼ਿਆਂ ਸਬੰਧੀ ਸੰਸਿਆਂ ਦੇ ਸਵਾਲਾਂ ਦੇ ਜਵਾਬ ਦਿੱਤੇ ਜਾਂਦੇ ਸਨ। ਇਸ ਕਾਲਮ ਦੀ ਲੋਕਪ੍ਰਿਅਤਾ ਕਰਕੇ ਜੁਲਾਈ 1943ਈ.ਵਿਚ ਇਸ ਕਾਲਮ ਦਾ ਨਾਂ ਮੇਰੇ ਝਰੋਖੇ ਚੋਂ ਰੱਖ ਦਿੱਤਾ। ਗੁਰਬਖ਼ਸ਼ ਸਿੰਘ ਦੇ ਪ੍ਰੀਤ ਸਿਧਾਂਤੋ ਅਤੇ ਮਨੁੱਖੀ ਜੀਵਨ ਦੇ ਵਿਭਿੰਨ ਵਰਤਾਰਿਆਂ ਵਿਚ ਪ੍ਰੀਤ ਦੀ ਅਹਿਮੀਅਤ ਨੂੰ ਦੇਖਦੇ ਹੋਏ ਅਕਤੂਬਰ 1962 ਈ. ਦੇ ਅੰਕ ਤੋਂ ਇਸ ਕਾਲਮ ਦਾ ਨਾਂ 'ਪ੍ਰੀਤ ਝਰੋਖੇ ਚੋਂ' ਰੱਖ ਦਿੱਤਾ। 20 ਅਗਸਤ 1976 ਈ.ਨੂੰ ਗੁਰਬਖ਼ਸ਼ ਸਿੰਘ ਦੀ ਇਸ ਫਾਨੀ ਸੰਸਾਰ ਤੋਂ ਰੁਸਤਗੀ ਪਿੱਛੋਂ 'ਪ੍ਰੀਤ ਝਰੋਖੇ ਚੋਂ' ਕਾਲਮ ਬੰਦ ਹੋ ਗਿਆ।

ਗੁਰਬਖ਼ਸ਼ ਸਿੰਘ ਨੇ ਪੰਜਾਬੀ ਸਾਹਿਤ-ਜਗਤ, ਪੱਤਰਕਾਰੀ, ਜੀਵਨ ਮਾਰਗ -ਦਰਸ਼ਨ ਅਤੇ ਜੀਵਨ-ਜਾਚ ਸਬੰਧੀ ਆਪਣੇ ਪਾਠਕਾਂ ਦੀ ਬਹੁ-ਦਿਸ਼ਾਵੀ ਪ੍ਰਤਿਭਾ

ਉਭਾਰਨ ਵਿਚ ਅਹਿਮ ਯੋਗਦਾਨ ਪਾਇਆ। ਇਸ ਸਬੰਧੀ ਸੋਹਨ ਸਿੰਘ ਜੋਸ਼ ਦਾ ਕਥਨ ਹੈ, "ਕੋਈ ਵੀ ਆਦਮੀ ਜੋ ਉਸ ਕੋਲ ਉਠਿਆ-ਬੈਠਿਆ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਿਹਾ। ਉਸ ਦੀ ਗੱਲਬਾਤ ਬੜੀ ਮਨਮੋਹਣੀ, ਸੁਪਨਮਈ ਤੇ ਮਨ ਨੂੰ ਖਿੱਚ ਪਾਉਣ ਵਾਲੀ ਹੁੰਦੀ ਹੈ। ਉਸ ਦੀ ਸੰਗਤ ਵਿਚ ਬੈਠ ਜਾਓ ਤਾਂ ਉਠਣ ਨੂੰ ਜੀ ਨਹੀਂ ਕਰਦਾ। ਅਤੇ ਜਦੋਂ ਤੁਸੀਂ ਉਸ ਤੋਂ ਵਿਦਾ ਹੋ ਕੇ ਜਾਂਦੇ ਹੋ ਤਾਂ ਤੁਸੀਂ ਮਹਿਸੂਸ ਕਰਨ ਲਗ ਪੈਂਦੇ ਹੋ ਕਿ ਤੁਸੀਂ ਬਹੁਤ ਕੁਝ ਖੱਟ ਕੇ ਚੱਲੇ ਹੋ ਅਤੇ ਤੁਹਾਡੀ ਸੋਚ-ਸ਼ਕਤੀ ਦੀ ਹਰਕਤ ਬੜੀ ਤੇਜ਼ ਹੋ ਜਾਂਦੀ ਹੈ -ਜਿਵੇਂ ਕਿਸੇ ਲਗ ਨੇ ਤੁਹਾਡਾ ਪੱਲਾ ਫੜ ਲਿਆ ਹੋਵੇ।ਉਹ ਖੜੋਤ ਦਾ ਸਖ਼ਤ ਦੁਸ਼ਮਨ ਅਤੇ ਇਕ-ਸਾਰਵੀਂ ਹਰਕਤ ਤੇ ਰੌਸ਼ਨ ਭਵਿਖ ਦਾ ਪ੍ਰਚਾਰਕ ਸੀ। ਸਾਡਾ ਸਾਹਿਤ ਕੁਝ ਫੌਲਾਦੀ ਵਲਗਣਾਂ ਨੂੰ ਤੋੜਕੇ ਢਹਿ ਢੇਰੀ ਕਰ ਦਿੱਤਾ ਅਤੇ ਵਿਸ਼ਾਲ ਦੁਨੀਆਂ ਦੇ ਨਜ਼ਾਰੇ ਪੇਸ਼ ਕੀਤੇ।"[2]

ਅੱਜ ਇੱਕੀਵੀਂ ਸਦੀ ਵਿਚ ਮੀਡੀਆ ਦੇ ਬਹੁ-ਦੂਰਸੰਚਾਰੀ ਸਾਧਨਾਂ ਦੀ ਭਰਮਾਰ ਦੇ ਦੌਰ 'ਚ ਲੇਖਕਾਂ ਨੂੰ ਪਾਠਕਾਂ ਦੀ ਕਮੀ ਚਿੰਤਿਤ ਕਰਦੀ ਹੈ ਜਦ ਕਿ ਗੁਰਬਖ਼ਸ਼ ਸਿੰਘ ਨੇ ਆਪਣੇ ਆਦਰਸ਼ਕ ਜੀਵਨ ਅਨੁਭਵ, ਮਾਰਗ-ਦਰਸ਼ਨ ਅਤੇ ਸ਼ਿੰਗਾਰਕ ਭਾਸ਼ਾਈ ਸ਼ੈਲੀ ਸਦਕਾ ਆਪਣੇ ਜੀਵਨ-ਕਾਲ ਸਮੇਂ ਪਾਠਕਾਂ ਦੀ ਗਿਣਤੀ ਨਿਰੰਤਰ ਵਧਾਈ।ਮਨੁੱਖਤਾ ਸਬੰਧੀ ਨਵਾਂ 'ਪਿਆਰ ਫ਼ਲਸਫ਼ਾ' ਉਸ ਦੇ ਸਾਹਿਤ ਤੇ ਵਿਚਾਰਧਾਰਾ ਦਾ ਆਧਾਰ ਸੀ। ਔਰਤ-ਮਰਦ ਪਿਆਰ, ਵਿਆਹ, ਪ੍ਰੇਮ-ਵਿਆਹ ਅਤੇ ਕਾਮ ਵਰਗੇ ਮਨੋਵਿਗਿਆਨਕ ਵਿਸ਼ਿਆਂ ਸਬੰਧੀ ਸਰੋਕਾਰਾਂ ਨੂੰ ਆਪਣੇ ਸਾਹਿਤ ਅਤੇ ਪੱਤ੍ਰਿਕਾ 'ਪ੍ਰੀਤਲੜੀ' ਰਾਹੀਂ ਬਿਆਨ ਕੀਤਾ।ਉਸ ਨੇ "ਪਿਆਰ ਕਬਜ਼ਾ ਨਹੀਂ ਪਹਿਚਾਣ ਹੈ" ਦੇ ਰੂਪ ਵਿਚ ਭਾਰਤੀ ਅਤੇ ਪੰਜਾਬੀ ਮਾਨਸਿਕਤਾ ਨੂੰ ਨਵਾਂ ਸਿਧਾਂਤ ਦਿੱਤਾ। ਜੀਵਨ-ਸੰਗਣੀ ਦਾ ਸਰੀਰਕ ਪਿਆਰ ਅਤੇ ਪਰ-ਔਰਤ ਦਾ ਮਾਰਗ-ਦਰਸ਼ੀ ਉਤਸ਼ਾਹ ਤੇ ਮਨੋਵਿਗਿਆਨਕ ਦ੍ਰਿੜ੍ਹਤਾ ਦੇਣ ਵਾਲਾ ਅਪਣੱਤ ਤੇ ਸਨੇਹ ਭਰਿਆ ਅਹਿਸਾਸ ਮਰਦ ਨੂੰ ਮਾਨਸਿਕ ਤੌਰ ਤੇ ਅਡੋਲ ਰੱਖਦਾ ਹੈ। ਹਰ ਰਿਸ਼ਤੇ ਨੂੰ ਨਿਭਾਉਂਦਿਆਂ ਤਲਖ਼ਤਾ, ਤ੍ਰਿਸਕਾਰਤਾ ਤੇ ਕਾਮੁਕਤਾ ਤੋਂ ਦੂਰੀ ਬਣਾਈ ਜਾਵੇ ਤਾਂ ਸ਼ਖ਼ਸੀਅਤੋਚ ਪਰਪੱਕਤਾ ਤੇ ਸਮਾਜਕ ਸਤਿਕਾਰ ਬਣਿਆ ਰਹਿੰਦਾ। ਗੁਰਬਖ਼ਸ਼ ਸਿੰਘ ਨੇ ਕਾਮ-ਰਹਿਤ ਪਿਆਰ ਦੀ ਪ੍ਰੋੜ੍ਹਤਾ ਕਰਦਿਆਂ ਕਿਹਾ ਹੈ, "ਜੇ ਤੁਸੀਂ ਪਿਆਰ-ਭੁੱਖ ਨੂੰ ਲਿੰਗ-ਭੁੱਖ ਨਾਲੋਂ ਵੱਖਰਾ ਨਹੀਂ ਵੇਖ ਸਕਦੇ ਤਾਂ ਪਿਆਰ ਉੱਤੇ ਮੇਰੀ ਸਾਰੀ ਲੇਖਣੀ ਦੇ, ਆਪ ਵਾਸਤੇ ਕੋਈ ਅਰਥ ਨਹੀਂ।"[3]

ਗੁਰਬਖ਼ਸ਼ ਸਿੰਘ ਨੇ ਆਪਣੀਆਂ ਰਚਨਾਵਾਂ ਵਿਚ ਮਨੁੱਖਵਾਦੀ ਦ੍ਰਿਸ਼ਟੀਕੋਣ ਅਤੇ ਪੰਜਾਬੀ ਸਾਹਿਤ-ਜਗਤ ਨੂੰ ਵਧੇਰੇ ਸੈਕੂਲਰ, ਲੌਕਿਕ ਅਤੇ ਵਿਗਿਆਨਕ ਤਰਕ ਦੇ ਮੇਚ ਦਾ ਬਣਾਇਆ। ਉਸ ਦਾ ਮੰਨਣਾ ਕਿ ਖੁਸ਼ੀ ਕੋਈ ਕਿਸਮਤ ਨਹੀਂ ਇਹ ਹਰ ਕਿਸੇ ਦੀ ਜੀਵਨ-ਜਾਚ ਤੇ ਨਿਰਭਰ ਕਰਦੀ ਹੈ। ਜੀਵਨ ਜੀਉਣ ਦੀ ਇੱਕ ਨਿਯਮਤਾ ਤੇ ਸਲੀਕਾ ਹੁੰਦਾ ਹੈ। ਕਿਸੇ ਦਾ ਆਰਥਕ-ਸਰੀਰਕ-ਮਾਨਸਿਕ ਸ਼ੋਸ਼ਣ ਕਰਕੇ ਕੋਈ ਖੁਸ਼ੀ ਤੇ ਮਾਨਸਿਕ ਸੰਤੁਸ਼ਟਤਾ ਹਾਸਲ ਨਹੀਂ ਕਰ ਸਕਦਾ।

ਗੁਰਬਖ਼ਸ਼ ਸਿੰਘ ਨੇ ਸੁਚੱਜੀ ਜੀਵਨ-ਜਾਚ ਬਾਰੇ 'ਸੁਖਾਵੀਂ ਸੁਧਰੀ ਜ਼ਿੰਦਗੀ ਵਿਚ ਕਿਹਾ ਹੈ, "ਸੁਖਾਵੀਂ ਸੁਧਾਰੀ ਜ਼ਿੰਦਗੀ ਨਾਲੋਂ ਚੰਗੇਰੀ ਸਫਲਤਾ ਮਨੁੱਖੀ ਜੀਵਨ ਵਿਚ ਮੈਂ ਖਿਆਲ ਨਹੀਂ ਕਰ ਸਕਿਆ। ਇਹ ਸਾਡੀ ਸਭਿਅਤਾ ਦਾ ਨਿਸ਼ਾਨਾ ਹੋਣਾ ਚਾਹੀਦਾ ਹੈ। ਜਿਹੜੀਆਂ ਗਲਤ ਕੀਮਤਾਂ ਉੱਤੇ ਅਸੀਂ ਅੱਜ ਕੱਲ ਜ਼ੋਰ ਦੇ ਰਹੇ ਹਾਂ, ਉਹਨਾਂ ਦੀ ਥਾਂ ਇਸ ਨਿਸ਼ਾਨੇ ਦੇ ਅਧੀਨ ਨਵੀਆਂ ਕੀਮਤਾਂ ਨੀਯਤ ਕਰਨੀਆਂ ਚਾਹੀਦੀਆਂ ਹਨ। ਉਹੀ ਅਮਲ ਠੀਕ ਹਨ, ਉਹੀ ਪੂਜਾ ਦਰੁਸਤ ਹੈ, ਉਹੀ ਪਾਠ ਪ੍ਰਵਾਨ ਕੀਤਾ ਜਾ ਸਕਦੇ ਹਨ, ਜਿਹੜੇ ਮਨੁੱਖ ਦੇ ਸਰੀਰ ਤੇ ਮਨ ਨੂੰ ਸੋਧ ਕੇ ਉਹਨੂੰ ਰੋਜ਼ਾਨਾ ਜ਼ਿੰਦਗੀ ਲਈ ਸੁਖਾਵਾਂ ਬਣਾਂਦੇ ਹਨ, ਜਿਹੜੇ ਦਿਮਾਗੀ ਯੋਗਤਾ ਪੈਦਾ ਕਰਦੇ, ਪਰਸਪਰ ਸਮਝੌਤਾ ਵਧਾਂਦੇ, ਵਹਿਮ ਘਟਾਂਦੇ ਤੇ ਗਿਆਨ ਚੌੜਾ ਕਰਦੇ ਹਨ।"[4]

ਦੇਸ਼ ਨੂੰ ਅਜ਼ਾਦੀ ਮਿਲਣ ਵਾਲੀ ਵੀਹਵੀਂ ਸਦੀ ਵਿਚ ਪੰਜਾਬੀ ਸਾਹਿਤ-ਜਗਤ ਨੇ ਖਾਸ ਕਰ ਪੱਛਮੀ ਤੇ ਵਿਸ਼ਵ ਸਾਹਿਤ ਧਾਰਾਵਾਂ ਦਾ ਪ੍ਰਭਾਵ ਕਬੂਲਿਆ ਹੈ। ਗੁਰਬਖ਼ਸ਼ ਸਿੰਘ ਨੇ ਵਾਰਤਕ, ਨਾਵਲ, ਕਹਾਣੀ, ਨਾਟਕ ਅਤੇ ਪੱਤ੍ਰਿਕਾ 'ਪ੍ਰੀਤਲੜੀ' ਰਾਹੀਂ ਆਪਣੇ ਜੀਵਨ ਫ਼ਲਸਫ਼ੇ ਨੂੰ ਪਾਠਕਾਂ ਸਨਮੁੱਖ ਪੇਸ਼ ਕੀਤਾ। ਪਿਆਰ ਸਿਧਾਂਤ ਅਤੇ ਜੀਵਨ ਸਰੋਕਾਰਾਂ ਨਾਲ ਸਬੰਧਤ ਸਮੱਸਿਆਵਾਂ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਵਿਚਾਰਿਆ ਤੇ ਸੁਚੱਜੀ ਚਿਰਸਥਾਈਤਾ ਵਾਲੀ ਜੀਵਨ ਸੇਧ ਦਿੱਤੀ। ਉਸ ਨੇ ਸਿੱਖਿਆ, ਔਲਾਦ ਦੇ ਪਾਲਣ ਪੋਸ਼ਣ, ਸਿਹਤ ਤੇ ਸਰੀਰਕ ਵਿਗਿਆਨ, ਜੀਵਨ ਦੇ ਕਾਰ-ਵਿਹਾਰ, ਰਾਜਨੀਤੀ, ਆਰਥਕ, ਸੱਭਿਆਚਾਰਕ, ਪਰਿਵਾਰਕ, ਔਰਤ-ਮਰਦ ਪਿਆਰ ਤੇ ਸਬੰਧਾਂ ਬਾਰੇ ਪੀੜ੍ਹੀ-ਦਰ-ਪੀੜ੍ਹੀ ਚਲੇ ਆ ਰਹੇ ਅੰਧਵਿਸ਼ਵਾਸ ਅਤੇ ਦਕਿਆਨੂਸੀ-ਮੁੱਲਾਂ ਨੂੰ ਤਿਲਾਂਜਲੀ ਦੇ ਪੱਛਮ ਵਿਚ ਹੋ ਰਹੇ ਆਦਰਸ਼ਵਾਦੀ ਜੀਵਨ ਬਦਲਾਵਾਂ ਦੇ ਪ੍ਰਭਾਵ ਨੂੰ ਕਬੂਲਦੇ ਨਵਾਂ ਮੌਲਿਕ ਦ੍ਰਿਸ਼ਟੀਕੋਣ ਅਪਣਾਇਆ। ਉਹ ਕੁਦਰਤ ਵਿਚ ਇੱਕ ਅਭੇਦ ਕਾਦਰ ਦੀ ਸ਼ਕਤੀ ਨੂੰ ਮਹਿਸੂਸਦਾ ਆਖਦਾ ਹੈ, "ਮੈਨੂੰ ਇਸ ਬ੍ਰਹਿਮੰਡ ਵਿਚ ਕਿਸੇ ਸਰਬ ਸਮਰੱਥ ਸ਼ਕਤੀ ਦਾ ਸਿਰਫ ਯਕੀਨੀ ਅਹਿਸਾਸ ਹੀ ਨਹੀਂ ਸਗੋਂ ਕਦਮ ਕਦਮ ਉੱਤੇ ਪ੍ਰਤੱਖ ਪ੍ਰਮਾਣ ਵੇਖਦਾ ਹਾਂ। ਬ੍ਰਹਿਮੰਡ ਵਿਚ ਮਨੁੱਖ ਨਾਲੋਂ ਉੱਚੀ ਇਕ ਆਪਾਰ ਸ਼ਕਤੀ ਹੈ। ਇਸ ਸ਼ਕਤੀ ਵਿਚ ਤਰਤੀਬ ਹੈ, ਅਟੱਲਤਾ ਹੈ, ਅਪਹੁੰਚ ਸਿਆਣਪ ਹੈ।"[5]

ਗੁਰਬਖ਼ਸ਼ ਸਿੰਘ ਦਾ ਜੀਵਨ ਫਲਸਫਾ ਉਸ ਦੀ ਹਰ ਲਿਖਤ 'ਚ ਹੈ। "ਰੁੱਖਾਂ ਦੀ ਜੀਰਾਂਦ" ਨਾਵਲ ਵਿਚ ਉਸ ਨੇ ਇਸ ਨੂੰ ਵਿਭਿੰਨ ਕੋਨਾਂ ਤੋਂ ਬਿਆਨਿਆ।ਉਸ ਦੇ ਜੀਵਨ ਫ਼ਲਸਫ਼ੇ ਦੇ ਅਧਾਰ ਸਰੋਤ ਨੂੰ ਸਮਝਣ ਲਈ ਇਹ ਨਾਵਲ ਇੱਕ ਨਿੱਗਰ ਰਚਨਾ ਹੈ ਇਹ ਨਾਵਲ ਉਸ ਨੇ ਆਪਣੇ ਜੀਵਨ ਗੂੜ੍ਹ ਤਜਰਬਿਆਂ ਨੂੰ ਹੰਢਾਉਣ ਤੋਂ ਬਾਅਦ ਲਿਖਿਆ। ਇਸ ਨਾਵਲ ਦਾ ਨਾਂ ਪਹਿਲਾਂ ਉਹ ਪਾਰੋ, ਰਚਨਾ ਤੇ ਦਿਲਦਾਰੋ ਰੱਖਣ ਬਾਰੇ ਸੋਚਦਾ ਸੀ ਪਰ ਬਾਬਾ ਫ਼ਰੀਦ ਦਾ ਸਲੋਕ : ਫਰੀਦਾ ਸਾਹਿਬ ਦੀ ਕਰ ਚਾਕਰੀ, ਦਿਲ ਦੀ ਲਾਹਿ ਭਰਾਂਦਿ, ਦਰਵੇਸ਼ਾਂ ਨੋ ਲੋੜੀਐ, ਰੁੱਖਾਂ ਦੀ ਜੀਰਾਂਦ।। ਪੜ੍ਹਨ ਪਿੱਛੋਂ ਉਸ ਨੇ ਪਹਿਲੇ ਨਾਂ ਦੀ ਥਾਂ ਇਸ

ਨਾਵਲ ਦਾ ਨਾਂ "ਰੁੱਖਾਂ ਦੀ ਜੀਰਾਂਦ" ਰੱਖਣ ਬਾਰੇ ਨਾਵਲ ਦੇ ਪੰਨਾ 4 ਤੇ ਕਿਹਾ ਪਿਆਰ ਕਰਨ ਵਾਲੇ ਵੀ ਇਕ ਤਰ੍ਹਾਂ ਦੇ ਦਰਵੇਸ਼ ਹੀ ਹੁੰਦੇ ਹਾਂ। ਸਾਨੂੰ ਵੀ ਤਾਂ ਰੁੱਖਾਂ ਦੀ ਜੀਰਾਂਦ ਦੀ ਲੋੜ ਏ। ਆਪਣੇ ਜੀਵਨ ਫਲਸਫੇ ਸਬੰਧੀ ਉਸ ਨੇ ਨਾਵਲ ਦੀ ਪ੍ਰਵੇਸ਼ਕਾ ਵਿਚ ਲਿਖਿਆ ਹੈ:

"ਮੇਰੇ ਪਿਆਰ ਜਾਚ ਬਾਰੇ ਬੜੇ ਭੁਲੇਖੇ ਹਨ। ਕੋਈ ਇਸ ਨੂੰ ਪਲੈਟੋ ਦੀ ਠੰਡੀ ਠਾਰ ਪਰਸਪਰ-ਪ੍ਰਸ਼ੰਸਾ ਆਖਦਾ ਹੈ। ਕੋਈ ਇਹਦੇ ਵਿਚ ਕਿਸੇ ਨੂੰ ਅਪਣਾਨ ਦੀ ਸਰਗਰਮੀ ਨਹੀਂ ਵੇਖਦਾ। ਕਿਸੇ ਨੂੰ ਇਸ ਵਿਚ ਕਾਮ ਦੀ ਤ੍ਰਿਪਤੀ ਨਹੀਂ ਦਿਸਦੀ। ਕੋਈ ਇਸ ਨੂੰ ਬਿਲਕੁਲ ਬਨਾਵਟ ਹੀ ਸਮਝਦਾ ਹੈ। ਪਰ ਮੇਰੇ ਲਈ ਇਸ ਵਿਚ ਸਭ ਕੁਝ ਸ਼ਾਮਲ ਸੀ। ਸਿਰਫ ਕੁਦਰਤ ਵਾਂਗ ਇਹਦੇ ਅਟੱਲ ਨੇਮ ਹਨ, ਆਦਰਸ਼ ਹਨ। ਇਹਦੇ ਵਿਚ ਅੰਤਾਂ ਦਾ ਨਿੱਘ ਤੇ ਰੂਹਾਂ ਦੀ ਇਕਮਿਕਤਾ ਹੈ, ਹੁਲਾਰਾ ਹੈ, ਇੰਤਜ਼ਾਰ ਹੈ, ਖੁਮਾਰ ਹੈ। ਆਪਣੇ ਪਿਆਰ-ਵਿਚਾਰਾਂ ਦੀ ਚਰਿਤ੍ਰਿਕ ਤਸਵੀਰ ਖਿੱਚਣ ਲਈ ਮੈਂ ਆਪਣੀ ਜ਼ਿੰਦਗੀ ਵਿਚ ਆਏ ਅਸਲੀ ਪਾਤਰਾਂ ਦੇ ਪਿਆਰ ਵਲਵਲਿਆਂ ਨੂੰ ਇਸ ਨਾਵਲ ਦਾ ਰੂਪ ਦਿੱਤਾ ਹੈ। ਜੇ ਮੇਰੀ ਇਹ ਕਿਰਤ ਮੇਰੇ ਅਕੀਦੇ : "ਪਿਆਰ ਕਬਜ਼ਾ ਨਹੀਂ ਪਹਿਚਾਨ ਹੈ, ਨੂੰ ਥੋੜਾ ਬਹੁਤ ਵੀ ਸਪਸ਼ਟ ਕਰ ਸਕੇ, ਆਸ਼ਕਾਂ ਦੀ ਜੀਰਾਂਦ ਦੀ ਟੋਹ ਦੇ ਸਕੇ, ਤਾਂ ਮੈਨੂੰ ਬੜੀ ਤਸੱਲੀ ਹੋਵੇਗੀ।"[6]

ਇਸ ਨਾਵਲ ਵਿਚ ਲੇਖਕ ਨੇ ਪਿਆਰ ਫਲਸਫੇ ਨੂੰ ਸਰੀਰਕ ਸਬੰਧਾਂ ਅਤੇ ਮਨੋਵਿਗਿਆਨਕ ਪੱਖ ਤੋਂ ਪੇਸ਼ ਕੀਤਾ ਹੈ। ਨਾਵਲ ਦੇ ਪਾਤਰ ਪਾਰੋ, ਐਡੀਸਨ, ਅਨਾਬ ਗੁਲ, ਸਵਿੱਤਰੀ, ਦਿਲਦਾਰ, ਰਚਨਾ ਆਦਿ ਰਾਹੀਂ ਗੁਰਬਖ਼ਸ਼ ਸਿੰਘ ਨੇ ਆਪਣੇ ਜੀਵਨ-ਸਿਧਾਂਤਾਂ ਨੂੰ ਬਿਆਨ ਕੀਤਾ ਹੈ। ਨਾਵਲ ਦੀ ਪਾਤਰ ਪਾਰੋ ਇੱਕ ਵੇਸਵਾ ਹੈ ਜਿਸ ਨੂੰ ਮਾਨਣ ਵਾਲੇ ਕਿੰਨੇ ਹੀ ਹਨ ਪਰ ਉਸ ਦਾ ਅਸਲ ਸਹਿਜਾਦਾ ਪਾਲ ਐਡੀਸਨ (ਅੰਗਰੇਜ਼ ਇੰਜਨੀਅਰ) ਹੈ ਜੋ ਉਸ ਦੇ ਪੁੱਤਰ ਦਿਲਦਾਰ ਦਾ ਪਿਤਾ ਹੈ। ਪਾਰੋ ਦਾ ਅਸਲ ਪਤੀ ਅਨਾਬ ਗੁਲ ਚੋਰੀ-ਚੋਰੀ ਉਸ ਦਾ ਹੱਥ ਚੁੰਮ ਕੇ ਮਾਨਸਿਕ ਤੌਰ ਤੇ ਸੰਤੁਸ਼ਟ ਹੋ ਜਾਂਦਾ ਹੈ। ਵਿਆਹ ਕਈ ਵਾਰ ਸਹਾਨਭੂਤਕ ਪਰਸਥਿਤੀਆਂ ਕਰਕੇ ਹੋ ਜਾਂਦਾ ਹੈ ਜਿਵੇਂ ਨਾਵਲ ਵਿਚ ਰਚਨਾ ਦਾ ਰਾਜੇਸ਼ਵਰ ਨਾਲ ਕਰਾਉਣਾ ਕਿਉਂਕਿ ਪਿਆਰ ਵਰਗੇ ਪਵਿੱਤਰ ਅਹਿਸਾਸ ਸਮੇਂ ਦੁਨਿਆਵੀ ਤ੍ਰਿਸ਼ਨਾਵਾਂ ਦੀ ਲਾਲਸਾ ਅਰਥ ਨਹੀਂ ਰੱਖਦੀ। ਕੁੰਦਨ ਨੂੰ ਦਿਲਦਾਰ ਤੋਂ ਭਰਾ, ਦੋਸਤ-ਮਿੱਤਰ ਤੇ ਪ੍ਰੇਮੀ ਦਾ ਸਨੇਹ ਮਿਲਦਾ ਹੈ। ਇਸ ਤਰ੍ਹਾਂ ਗੁਰਬਖ਼ਸ਼ ਸਿੰਘ ਨੇ ਇਸ ਨਾਵਲ ਵਿਚ ਆਪਣੇ ਪ੍ਰੀਤ ਫਲਸਫ਼ੇ ਦੀ ਵਿਸ਼ਾਲਤਾ ਦੇ ਯਥਾਰਥ ਨੂੰ ਬਿਆਨ ਕੀਤਾ ਹੈ।

ਅਜੋਕੇ ਦੌਰ ਦੀ ਬਜ਼ਾਰਵਾਦੀ ਸਵੈ-ਲਾਭਤਾ ਅਤੇ ਔਰਤ ਨੂੰ ਕੇਵਲ ਵਸਤੂ ਬਣਾ ਕੇ ਪੇਸ਼ ਕਰਨ ਦੀ ਥਾਂ ਗੁਰਬਖ਼ਸ਼ ਸਿੰਘ ਨੇ ਔਰਤ ਨੂੰ ਸਰੀਰਕ ਭੁੱਖ ਤ੍ਰਿਪਤ ਕਰਨ ਵਾਲੀ ਵਸਤ ਨਹੀਂ ਮੰਨਿਆ ਸਗੋਂ ਰੁੱਖਾਂ ਦੀ ਜੀਰਾਂਦੋਂ ਨਾਵਲ ਅਤੇ ਸਮੁੱਚੀਆਂ ਸਾਹਿਤਕ ਕਿਰਤਾਂ ਵਿਚ ਔਰਤ ਨੂੰ ਕੁਦਰਤ ਦੀ ਸਤਿਕਾਰਤ ਜਨਣੀ ਚਿਤਰਿਆ ਹੈ। ਉਹ ਮਰਦ-ਔਰਤ ਦੇ ਆਪਸੀ ਮਿਲਾਪ 'ਤੇ ਔਰਤ ਦੇ ਜਨਣੀ ਬਣਨ ਦੇ ਸਮੇਂ-ਕਾਲ

ਨੂੰ ਪਾਰੋ ਤੇ ਐਡੀਸਨ ਦੇ ਮੇਲ ਤੇ ਪਾਰੋ ਦੇ ਮਨੋ-ਅਹਿਸਾਸ ਨੂੰ ਇਸ ਤਰ੍ਹਾਂ ਵਿਅਕਤ ਕਰਦਾ ਹੈ :

"ਸੁਣੋ ਪਾਲ, ਪਾਰੋ ਨੇ ਪਾਲ ਦੇ ਹੱਥ ਫੜ ਲਏ, ਮਤੇ ਉਹ ਫੇਰ ਜੂੜਾ ਖੋਲ੍ਹ ਲਏ" "ਸੁਣੋ ਪਾਲ ਸਾਰੇ ਧਿਆਨ ਨਾਲ ਸੁਣਨਾ, ਮੇਰੀ ਰੂਹ ਦੇ ਹੇਠਾਂ ਡੂੰਘੇ ਵਗਦੇ ਪਾਣੀ ਏਸ ਵੇਲੇ ਸਤਹ ਉਤੇ ਆ ਗਏ ਨੇ।......ਪਾਲ, ਇਕ ਰਾਤ ਤੁਸੀਂ ਮੈਨੂੰ ਮਿਲੇ, ਪਿਆਰ ਦੇ ਮਲਹਾਰ ਵਿਚ ਅਸਾਂ ਕਈ ਸ਼ਕਲਾਂ ਵਟਾਈਆਂ : ਮੈਂ ਮਛਲੀ, ਤੁਸੀਂ ਦਰਿਆ ਬਣੇ ਸ ਮੈਂ ਫੁੱਲ , ਤੁਸੀਂ ਮਾਲੀ ਬਣੇ ਸਮੈਂ ਬੁਲਬੁਲ ਦੀ ਫਰਿਆਦ, ਤੁਸੀਂ ਮੇਰੇ ਗਮ-ਗੁਸਾਰ ਬਣੇ.....ਆਖਰ ਤੁਸੀਂ ਲਟਲਟਾਂਦੀ ਰੌਸ਼ਨੀ ਦੀ ਸੁਨਹਿਰੀ ਲਾਟ ਬਣ ਗਏ, ਤੇ ਮੈਂ ਕੀਮਖ਼ਾਬ ਦਾ ਗੋਲ ਤੰਬੂ ਬਣ ਗਈ। ਏਸ ਤੰਬੂ ਦੇ ਕਈ ਸਜੇ ਧਜੇ ਰਖਨੇ ਸਨ। ਤੁਸੀਂ ਇਕ ਵਿਚ ਵੜਦੇ ਤੇ ਦੂਜੇ ਥਾਈਂ ਜਾ ਨਿਕਲਦੇ ਸੋਂ - ਆਖ਼ਿਰ ਇਕ ਨਿੱਕੇ ਜਿਹੇ ਰਖਣੇ ਵਿਚ ਤੁਸੀਂ ਲੁਕੇ ਰਹੇ, ਜਦੋਂ ਬਾਹਰ ਆਏ ਤਾਂ ਮੈਨੂੰ ਜਾਪਿਆ ਤੁਸੀਂ ਆਪਣੀ ਇਕ ਕਿਰਨ ਮੇਰੇ ਅੰਦਰ ਧਰ ਆਏ ਸੋ, ਇਹ ਕਿਰਨ ਮੇਰੇ ਅੰਦਰ ਪਈ ਰਹੀ, ਜਿਵੇਂ ਇਕ ਵੇਲੇ ਧਰਤੀ ਦੇ ਨਿੱਘ ਨਾਲ ਉਸ ਬੀਜ ਦਾ ਦਿਲ ਪੰਘਰ ਖੁਲ੍ਹਦਾ ਹੈ, ਉਵੇਂ ਹੀ ਤੁਹਾਡੀ ਕਿਰਨ ਮੇਰੀ ਕੁੱਖ ਦੇ ਆਦਰ ਨਾਲ ਇਕ ਦੀ ਦੋ, ਦੋ ਦੀ ਚਾਰ, ਤੇ ਚਾਰ ਦੀ ਕਈ ਹਜ਼ਾਰ ਹੁੰਦੀ ਗਈ ਤੇ ਓੜਕ ਇਹ ਹਜ਼ਾਰਾਂ ਲਖਾਂ ਕਿਰਨਾਂ ਤੁਹਾਡੇ ਵਾਂਗ ਨਕਸ਼ਿਆਂ ਇਕ ਨਿੱਕਾ ਜਿਹਾ ਰੌਸ਼ਨ ਗੇਂਦ ਬਣ ਗਈਆਂ। ਇਹ ਗੇਂਦ ਵੱਡਾ ਹੁੰਦਾ ਜਾ ਰਿਹਾ ਹੈ। ਜਦੋਂ ਮੇਰੀ ਕੁੱਖ ਦੇ ਰਖਨੇ ਵਿਚ ਇਹ ਨਾ ਸਮਾ ਸਕਿਆ-ਚੌਹ ਮਹੀਨਿਆਂ ਤਕ ਹੋਰ ਇਹ ਗੇਂਦ ਰਖਨਿਓਂ ਬਾਹਰ ਆ ਕੇ ਮੇਰੀ ਛਾਤੀ ਉਤੇ ਟਿਕ ਜਾਏਗਾ।.....ਉਹਨੂੰ ਮੈਂ ਕਦੇ ਇਕ ਪਾਸੇ, ਕਦੇ ਦੂਜੇ ਪਾਸੇ ਲਾ ਕੇ ਹਯਾਤੀ ਦਾ ਅੰਮ੍ਰਿਤ ਪਿਲਾਵਾਂਗੀ। ਉਹਦੀਆਂ ਰੇਸ਼ਮੀ ਬੁੱਲੀਆਂ ਦੀ ਪੁਚ-ਪੁਚ ਸੁਹਾਗਣੀ ਦਾ ਆਪਣੇ ਸਦੀਵੀ ਕੰਤ ਨਾਲ ਸਫਲ ਸੰਜੋਗ ਹੋਵੇਗਾ....।"[7]

ਗੁਰਬਖ਼ਸ਼ ਸਿੰਘ ਨੇ ਅਮਰੀਕਾ ਵਿਚ ਪੜ੍ਹਾਈ ਕਰਨ ਸਮੇਂ ਵੱਖ-ਵੱਖ ਕੰਮ ਕੀਤੇ ਜਿਨ੍ਹਾਂ ਤੋਂ ਮਿਲੇ ਪੈਸੇ ਉਸਨੇ ਆਪਣੀਆਂ ਲੋੜਾਂ ਪੂਰੀਆਂ ਕਰਨ ਦੇ ਨਾਲ ਆਪਣੇ ਛੋਟੇ ਭਰਾ ਦੀ ਪੜ੍ਹਾਈ ਲਈ ਘਰ ਵੀ ਭੇਜੇ। 1922 ਈ. ਵਿਚ ਬੀ.ਐਸ.ਸੀ. ਇੰਜਨੀਅਰਿੰਗ ਦੀ ਡਿਗਰੀ ਪ੍ਰਾਪਤ ਕਰ ਥੰਮਸਟੋਨ (ਓਹਾਇਓ) ਵਿਚ ਇੰਜੀਨੀਅਰ ਦੀ ਨੌਕਰੀ ਕੀਤੀ ਪਰ ਦੇਸ਼ ਪਿਆਰ ਦੇ ਮੋਹ ਸਦਕਾ ਭਾਰਤ ਵਾਪਸ ਆ ਗਿਆ। ਪਰ ਭਾਰਤ ਵਿਚ ਆ ਉਸ ਨੂੰ ਜਲਦ ਕੋਈ ਨੌਕਰੀ ਨਾ ਮਿਲੀ ਤਾਂ ਆਪਣੀ ਆਰਥਕ ਸਥਿਤੀ ਬਾਰੇ ਸਵੈ-ਜੀਵਨੀ ਦੇ ਦੂਜੇ ਭਾਗ 'ਮੰਜ਼ਿਲ ਦਿਸ ਪਈ' ਵਿਚ ਕਿਹਾ ਹੈ :

"ਮੇਰੀਆਂ ਅਰਜ਼ੀਆਂ ਨੂੰ ਕਿਤੋਂ ਵੀ ਹੁੰਗਾਰਾ ਨਾ ਆਇਆ ਮੈਂ ਜੋ ਅਮਰੀਕਾ ਵਿਚ ਕਮਾਇਆ ਸੀ, ਉਹਦਾ ਬਹੁਤਾ ਹਿੱਸਾ ਘਰ ਘਲ ਛੱਡਿਆ ਤੇ ਉਹ ਵਰਤਿਆ ਜਾ ਚੁੱਕਾ ਸੀ। ਤੇ ਜੋ ਮੈਂ ਆਪਣੇ ਕੋਲ ਰੱਖਿਆ ਸੀ, ਉਹ ਸਾਰਾ ਯੂਰਪ ਦੀ ਯਾਤਰਾ ਵਿਚ ਖਰਚ ਕਰ ਆਇਆ ਸਾਂ। ਏਥੇ ਦੋ ਭਰਾ ਕਾਲਜ ਵਿਚ ਪੜ੍ਹਦੇ ਤੇ ਪੰਜ ਜੀਅ

ਪਰਵਾਰ ਦੇ ਸਨ। ਆਰਥਕ ਔਖਿਆਈ ਬੜੀ ਸਾਹ ਘੁਟਣ ਵਾਲੀ ਅਵਸਥਾ ਹੁੰਦੀ ਹੈ। ਕਾਲਜ ਦੀਆਂ ਫੀਸਾਂ ਦੇਣ ਵਾਲੀਆਂ ਹੋਣ, ਮਹੀਨਾ ਮੁੱਕੇ ਉਤੇ ਕਈ ਬਿਲ ਘੂਰ ਰਹੇ, ਜਿਸ ਆਸ ਉਤੇ ਮਹੀਨੇ ਦੇ ਮਹੀਨੇ ਲਈ ਕਰਜਾ ਚੁੱਕਿਆ ਹੋਵੇ, ਉਹ ਆਸ ਪੂਰੀ ਨਾ ਹੋਈ ਹੋਵੇ, ਡਾਕ ਡਰਾਉਣੀ ਲਗਦੀ ਹੋਵੇ ਮਤੇ ਉਹਦੇ ਵਿਚ ਕਿਸੇ ਦੀ ਮੁੜਵੀਂ ਮੰਗ ਹੋਵੇ....ਪੈਰਾਂ ਹੇਠੋਂ ਭੋਂ ਖਿਸਕਦੀ ਜਾਪਦੀ ਹੈ।ਅਮਰੀਕਾ ਵਿਚ ਚਾਰ ਸਾਲ ਦੀ ਰਿਹਾਇਸ਼ ਨੇ ਏਸ ਔਖਿਆਈ ਦਾ ਤਜਰਬਾ ਦੁਰਾਡਾ ਬਣਾ ਛੱਡਿਆ ਸੀ। ਉਥੇ ਜੇ ਕਿਸੇ ਨੂੰ ਕੋਈ ਹੁਨਰ ਆਉਂਦਾ ਹੋਵੇ, ਤਾਂ ਆਰਥਕ ਚਿੰਤਾ ਉਹਦੀ ਜ਼ਿੰਦਗੀ 'ਚੋਂ ਨਿਕਲ ਜਾਂਦੀ ਹੈ।"[8]

1924 ਈ. ਵਿਚ ਅੰਗਰੇਜ਼ ਅਫਸਰ ਮਿਸਟਰ ਐਲਮ ਦੇ ਯਤਨਾਂ ਸਦਕਾ ਰੇਲਵੇ ਵਿਚ ਸਹਾਇਕ ਇੰਜੀਨੀਅਰ ਦੀ ਨੌਕਰੀ ਮਿਲ ਗਈ ਪਰ ਅਮਰੀਕਾ ਦੀਆਂ ਸੁਦ੍ਰਿੜ ਸਮਾਜਕ ਤੇ ਸੱਭਿਆਚਾਰਕ ਪਰੰਪਰਾਵਾਂ ਵਿਚ ਵਿਚਰੇ ਹੋਣ ਕਰਕੇ ਗੁਰਬਖ਼ਸ਼ ਸਿੰਘ ਨੇ ਭਰਿਸ਼ਟਾਚਾਰੀ- ਰਿਸ਼ਵਤਖੋਰੀ ਵਾਲੇ ਮਾਹੌਲ ਕਰਕੇ 1932 ਈ.ਵਿਚ ਨੌਕਰੀ ਛੱਡ ਦਿੱਤੀ। ਭਾਰਤੀ ਖੇਤੀਬਾੜੀ ਕਰਨ ਦੀਆਂ ਪਰੰਪਰਾਗਤ ਵਿਧੀਆਂ ਦੀ ਥਾਂ ਨੌਸ਼ਹਿਰੇ ਵਿਖੇ ਜ਼ਮੀਨ ਪੱਟੇ ਤੇ ਲੈ ਮਸ਼ੀਨੀ ਢੰਗ ਨਾਲ ਖੇਤੀ ਕਰਨ ਦਾ ਆਰੰਭ ਕੀਤਾ। ਇਸ ਕੰਮ ਵਿਚ ਉਹ ਪੂਰੀ ਤਰ੍ਹਾਂ ਸਫ਼ਲ ਨਾ ਹੋ ਸਕਿਆ। ਇਸ ਸਬੰਧੀ ਡਾ. ਐਮ.ਐਸ.ਰੰਧਾਵਾ ਨੇ 'ਅਭਿਨੰਦਨ ਗੈਰੰਥ' ਵਿਚ 'ਗੁਰਬਖ਼ਸ਼ ਸਿੰਘ:ਇਕ ਆਦਰਸ਼ਵਾਦੀ' ਸਿਰਲੇਖ ਅਧੀਨ ਲਿਖਿਆ ਹੈ :

ਗੁਰਬਖ਼ਸ਼ ਸਿੰਘ ਅਮਰੀਕਾ ਤੋਂ ਕਈ ਸੁਪਨੇ ਲੈ ਕੇ ਆਇਆ ਸੀ। ਉਹ ਛੇਤੀ ਤੋਂ ਛੇਤੀ ਇਹਨਾਂ ਨੂੰ ਸਾਕਾਰ ਕਰਨਾ ਲੋਚਦਾ ਸੀ। ਸਭ ਤੋਂ ਪਹਿਲੇ ਉਸ ਨੇ ਵਿਗਿਆਨਕ ਲੀਹਾਂ ਉਤੇ ਖੇਤੀਬਾੜੀ ਦਾ ਤਜਰਬਾ ਸ਼ੁਰੂ ਕੀਤਾ। ਉਹ ਜਾਣਦਾ ਸੀ ਕਿ ਆਧੁਨਿਕ ਕ੍ਰਿਸ਼ੀ-ਵਿਧੀਆਂ।ਦੀ ਵਰਤੋਂ ਨਾਲ, ਜ਼ਮੀਨ ਵਿਚੋਂ ਕਈ ਗੁਣਾਂ ਵਧ ਝਾੜ ਲਿਆ ਜਾ ਸਕਦਾ ਹੈ ਪਰ ਉਸ ਨੂੰ ਸਫਲਤਾ ਨਾ ਹੋਈ। ਇਸ ਦਾ ਕਾਰਨ ਕੁਝ ਤਾਂ ਉਸ ਸਮੇਂ ਦੀਆਂ ਪ੍ਰਸਥਿਤੀਆਂ ਸਨ ਅਤੇ ਕੁਝ ਕੁ ਗੁਰਬਖ਼ਸ਼ ਸਿੰਘ ਦਾ ਆਦਰਸ਼ਵਾਦ ਸੀ। ਉਹ ਇਕੋ ਸਮੇਂ ਕਈ ਮੁਹਾਜਾਂ ਉਤੇ ਕੰਮ ਕਰਨਾ ਚਾਹੁੰਦਾ ਸੀ, ਜਿਸ ਕਾਰਨ ਇਸ ਨਵੇਂ ਤਜਰਬੇ ਵਲ ਅਖੰਡ ਧਿਆਨ ਨਾ ਦਿੱਤਾ ਜਾ ਸਕਿਆ। ਖੇਤੀਬਾੜੀ ਦਾ ਵਿਸ਼ੇਸ਼ੱਗ ਹੋਣ ਦੇ ਨਾਤੇ ਮੈਂ ਮਸ਼ੀਨੀ ਕਾਸ਼ਤ ਨੂੰ ਜਾਣਦਾ ਹਾਂ, ਪਰ ਇਸ ਰਾਹ ਵਿਚ ਉਦੋਂ ਮੁਸ਼ਕਲਾਂ ਵੀ ਬਹੁਤ ਸਨ। ਕਿਸਾਨਾਂ ਨੂੰ ਉਹਨਾਂ ਦੀਆਂ ਫਸਲਾਂ ਦਾ ਬਹੁਤ ਘੱਟ ਮੁੱਲ ਮਿਲਦਾ ਸੀ, ਤੇ ਉਹ ਫਸਲਾਂ ਪੈਦਾ ਕਰਨ ਦਾ ਖ਼ਰਚ ਵੀ ਨਹੀਂ ਕੱਢ ਸਕਦੇ ਸੀ। ਅਸਫਲਤਾ ਦੇ ਬਾਵਜੂਦ ਵੀ ਭਾਰਤ-ਵਰਸ਼ ਦੇ ਕ੍ਰਿਸ਼ੀ-ਇਤਿਹਾਸ ਵਿਚ ਗੁਰਬਖ਼ਸ਼ ਸਿੰਘ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ ਕਿਉਂਕਿ ਇਤਨੇ ਮਹਾਨ ਦੇਸ਼ ਵਿਚ ਸਭ ਤੋਂ ਪਹਿਲਾਂ ਉਸ ਨੇ ਹੀ ਮਸ਼ੀਨੀ ਕਾਸ਼ਤ ਦਾ ਸੁਫਨਾ ਲਿਆ ਸੀ ਤੇ ਮਸ਼ੀਨੀ ਖੇਤੀ ਦਾ ਮੋਢੀ ਬਣਿਆ।[9]

1936 ਈ.ਵਿਚ ਨੌਸ਼ਹਿਰੇ ਨੂੰ ਛੱਡ ਕੇ ਗੁਰਬਖ਼ਸ਼ ਸਿੰਘ ਨੇ ਪਿੰਡ ਲੋਪੋਕੇ ਨੇੜੇ

15 ਏਕੜ ਜ਼ਮੀਨ ਖਰੀਦ ਕੇ ਉਥੇ ਪ੍ਰੀਤਨਗਰ ਦੀ ਸਥਾਪਨਾ ਕੀਤੀ। ਦੇਸ਼-ਵਿਦੇਸ਼ ਵਿਚ ਵੱਸਦੇ ਬੁੱਧੀਜੀਵੀ ਪੰਜਾਬੀਆਂ ਨੇ ਉਥੇ ਪਲਾਟ ਖਰੀਦੇ। ਉਸ ਸਮੇਂ ਦੇ ਨਵੇਂ ਪੋਜ ਦੇ ਸਾਹਿਤਕਾਰਾਂ ਨੇ ਉਥੇ ਰਿਹਾਇਸ਼ ਕਰਨ ਨੂੰ ਤਰਜੀਹ ਦਿੱਤੀ। ਨਾਨਕ ਸਿੰਘ, ਬਲਵੰਤ ਗਾਰਗੀ, ਮਹਿੰਦਰ ਸਿੰਘ ਰੰਧਾਵਾ, ਪਿਆਰਾ ਸਿੰਘ ਦਾਤਾ, ਬਲਰਾਜ ਸਾਹਨੀ, ਸੋਭਾ ਸਿੰਘ (ਚਿੱਤਰਕਾਰ), ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਦੇਵਿੰਦਰ ਸਤਿਆਰਥੀ, ਸਾਹਿਰ ਲੁਧਿਆਣਵੀ, ਪਿਆਰਾ ਸਿੰਘ ਸਹਿਰਾਈ ਆਦਿ ਲੇਖਕਾਂ ਦੀਆਂ ਸਾਹਿਤਕ-ਲਿਖਤਾਂ 'ਤੇ ਪ੍ਰੀਤਨਗਰ ਦੇ ਵਾਤਾਵਰਨ ਦਾ ਪ੍ਰਭਾਵ ਦੇਖਿਆ ਜਾ ਸਕਦਾ ਹੈ।

'ਪ੍ਰੀਤ' ਦਾ ਗੁਰਬਖ਼ਸ਼ ਸਿੰਘ ਦੇ ਸਾਹਿਤ ਨਾਲ ਅਦਵੈਤਵਾਦੀ ਸਬੰਧ ਹੈ ਜਿਸ ਕਰਕੇ ਸਮੇਂ-ਸਮੇਂ ਪ੍ਰਚਲਤ ਹੋਏ ਕਿਸੇ ਹੋਰ ਵਾਦੋ ਦਾ ਪ੍ਰਭਾਵ ਨਹੀਂ ਕਬੂਲਿਆ। ਗੁਰਬਖ਼ਸ਼ ਸਿੰਘ ਨੇ ਬੋਲਚਾਲ ਦੇ ਹੁਨਰ, ਖੇਡਾਂ, ਸੁੰਦਰਤਾ, ਬੁਨਿਆਦੀ ਹੱਕ, ਖ਼ੁਸ਼ੀ ਦੀਆਂ ਬੁਨਿਆਦਾਂ, ਚੰਗੇਰੀ ਯਾਦ ਸ਼ਕਤੀ, ਧਰਤੀ ਦਾ ਭਗਵਾਨ ਸੂਰਜ, ਧਰਤੀ ਦਾ ਚੰਨ, ਇਕ ਝਾਤ ਸਾਰੇ ਆਲਮ ਤੇ, ਚੰਗੇਰੀ ਦੁਨੀਆਂ, ਅਰੋਗਤਾ ਤੇ ਸਫ਼ਾਈ, ਸੁਖਾਵੀਂ ਸੁਧਰੀ ਜ਼ਿੰਦਗੀ, ਪਿਆਰ, ਲਿੰਗ-ਗਿਆਨ, ਆਸ਼ਾ ਦੇ ਖ਼ਜ਼ਾਨੇ ਨੂੰ ਅਸੀਸ, ਸਵੈ-ਪੂਰਨਤਾ ਦੀ ਲਗਨ, ਕੰਮ ਦੀ ਚੋਣ, ਨਵਾਂ ਯੁਗ, ਚਾਓ ਭਰੇ ਚੌਵੀ ਘੰਟੇ ਆਦਿ ਲਿਖਤਾਂ ਰਾਹੀਂ ਆਪਣੇ ਜੀਵਨ-ਫ਼ਲਸਫ਼ੇ ਨੂੰ ਬਿਆਨ ਕੀਤਾ ਹੈ। ਗੁਰਬਖ਼ਸ਼ ਸਿੰਘ ਦੇ 'ਪ੍ਰੀਤ' ਸ਼ਬਦ ਨੂੰ ਡਾ. ਹਰਭਜਨ ਸਿੰਘ ਨੇ ਬੋਲੋ ਦਾ ਨਾਂ ਦਿੱਤਾ ਹੈ। ਜੀਵਨ ਦੇ ਯਥਾਰਥ ਦੁਆਰਾ ਪੈਦਾ ਹੋਏ 'ਕਸ਼ਟ' ਨੂੰ ਨਿਵਾਰਨ ਲਈ 'ਪ੍ਰੀਤ' ਅਜਿਹੀ ਅਕਸੀਰ ਹੈ, ਸੰਜੀਵਨੀ ਹੈ ਜੋ ਨਿਰਾਸ਼, ਹਤਾਸ਼ ਮਨੁੱਖ ਨੂੰ ਫਿਰ ਤੋਂ ਆਪਣੇ ਪੈਰਾਂ ਉਤੇ ਖੜ੍ਹੇ ਹੋਣ ਦੇ ਸਮਰੱਥ ਬਣਾਉਂਦੀ ਹੈ। ਇਸ ਬੋਲ ਦਾ ਸੰਚਾਰ 'ਪ੍ਰੀਤਲੜੀ' ਰਾਹੀਂ ਹੋਇਆ। ਪ੍ਰੀਤਲੜੀ, ਪ੍ਰੀਤ-ਸੈਨਿਕ, ਪ੍ਰੀਤ-ਮਿਲਣੀ, ਪ੍ਰੀਤ-ਕਹਾਣੀਆਂ ਵਰਗੇ ਅਨੇਕ ਵੇਰਵੇ ਉਨ੍ਹਾਂ ਦੀ ਲੰਮੀ ਪ੍ਰੀਤ-ਯਾਤਰਾ ਦੇ ਗਵਾਹ ਹਨ। ਪਿੰਡ ਹੋਵੇ ਜਾਂ ਸ਼ਹਿਰ, ਮੁਲਾਕਾਤ ਹੋਵੇ ਜਾਂ ਸਫ਼ਰ, ਰਾਜਨੀਤਕ ਮਸਲਾ ਹੋਵੇ ਜਾਂ ਧਾਰਮਿਕ ਸ਼ਰਧਾਂਜਲੀ, ਕਿਸੇ ਸਨੇਹੀ ਦਾ ਸਵਾਲ ਹੋਵੇ ਜਾਂ ਕਿਸੇ ਕਿੱਤੂਕਾਰ ਦੀ ਕੌੜੀ ਕੰਡੇਦਾਰ ਉਕਤੀ, ਉਹ ਹਰ ਵਸਤੂ ਜਾਂ ਕਾਰਜ ਨੂੰ ਕੇਵਲ ਇਕ ਨੁਕਤੇ ਤੋਂ ਵਿਚਾਰਦੇ, ਮਹਿਸੂਸਦੇ ਅਤੇ ਇਹ ਨੁਕਤਾ ਹੈ 'ਪ੍ਰੀਤ' ਜੋ ਉਨ੍ਹਾਂ ਦੇ ਕਿਰਦਾਰ ਅਤੇ ਗੁਫ਼ਤਾਰ ਦਾ ਸਹਿਜ ਅੰਗ ਬਣ ਗਿਆ।[10] ਇਸੇ ਤਰ੍ਹਾਂ ਅੰਮ੍ਰਿਤਾ ਪ੍ਰੀਤਮ ਨੇ ਗੁਰਬਖ਼ਸ਼ ਸਿੰਘ ਦੀ ਵਲਗਣ ਸਮਰੱਥਾ ਦਾ ਜ਼ਿਕਰ ਕਰਦਿਆਂ ਦੱਸਿਆ ਹੈ ਕਿ ਗੁਰਬਖ਼ਸ਼ ਸਿੰਘ ਦੀ ਆਪਣੇ ਲੋਕਾਂ ਨੂੰ ਜੋ ਦੇਣ ਹੈ, ਉਹ ਸਾਹਿਤਕ ਰਚਨਾ ਦੀ ਪਤਲੀ ਲੰਬੀ ਸੜਕ ਵਾਂਗ ਨਹੀਂ ਹੈ, ਜੋ ਸਾਹਮਣੇ ਦਿਸਦੇ ਮੈਦਾਨ ਵਿਚ ਵੀ ਫੈਲੀ ਹੋਈ ਹੈ, ਪਿਛਵਾੜੇ ਦੀਆਂ ਸੁੰਞੀਆਂ ਗੁਠਾਂ ਵਿਚ ਵੀ, ਅਮੀਰ ਘਰਾਂ ਦੇ ਬਾਗਾਂ ਵਿਚ ਵੀ ਤੇ ਗਰੀਬ ਘਰਾਂ ਦੇ ਕੱਚੇ ਵਿਹੜਿਆਂ ਵਿਚ ਵੀ....ਤੇ ਇਹਦੀਆਂ ਤਿੜਾਂ ਪੱਤੀਆਂ ਵਿਚੋਂ ਜੇ ਕੋਈ ਸਿਹਤ ਵੀ ਸੁੰਘਦਾ ਹੈ।[11]

'ਸਾਵੀਂ ਪੱਧਰੀ ਜ਼ਿੰਦਗੀ' ਪੁਸਤਕ ਗੁਰਬਖ਼ਸ਼ ਸਿੰਘ ਦੀ ਮਨੁੱਖੀ ਜੀਵਨ ਦੇ

ਵਿਭਿੰਨ ਸਰੋਕਾਰਾਂ ਦੀ ਚਰਚਾ ਕਰਦੀ ਪ੍ਰਤੀਨਿਧ ਰਚਨਾ ਹੈ। ਲੇਖਾਂ ਦੀ ਇਹ ਕਿਤਾਬ ਪਹਿਲੀ ਵਾਰ 1943 ਈ.ਵਿਚ ਪ੍ਰਕਾਸ਼ਿਤ ਹੋਈ। ਇਹ ਪੁਸਤਕ ਅਜੋਕੇ ਸਮੇਂ ਵਿਚ ਜਦੋਂ ਵਿਸ਼ਵ ਮਨੁੱਖ ਦੀ ਮੁੱਠੀ 'ਚ ਆ ਗਿਆ ਹੈ ਇਹ ਅਜੋਕੀ ਪੀੜ੍ਹੀ ਨੂੰ ਆਦਰਸ਼ਕ ਜੀਵਨ-ਜਾਚ ਦੀ ਰਹਿਤਲ ਅਪਣਾਉਣ ਲਈ ਮਾਰਗ-ਦਰਸ਼ਨ ਕਰਦੀ ਹੈ। ਲੇਖਕ ਨੇ ਇਹ ਪੁਸਤਕ ਆਪਣੀ ਪੁੱਤਰੀ 'ਉਮਾ' ਨੂੰ ਸਮਰਪਿਤ ਕੀਤੀ ਹੈ। ਇਸ ਪੁਸਤਕ ਦੇ ਆਰੰਭ ਵਿਚ ਲੇਖਕ ਨੇ 28 ਫਰਵਰੀ 1943 ਈ. ਨੂੰ ਜੋ ਭੂਮਿਕਾ ਲਿਖੀ ਉਸ ਵਿਚ ਇਸ ਦੇ ਲਿਖਣ ਦਾ ਮਨੋਰਥ ਵਿਅਕਤ ਕੀਤਾ ਕਿ ਇਕ ਵਿਦਵਾਨ ਨਿਰਮਲੇ ਸੰਤ ਉਨ੍ਹਾਂ ਕੋਲ ਤਿੰਨ ਜਗਿਆਸਾਵਾਂ ਪ੍ਰਗਟ ਕੀਤੀਆਂ :-

1. ਕੀ ਲੇਖਕ ਪਰਲੋਕ ਵਿਚ ਵਿਸ਼ਵਾਸ ਰਖਦਾ ਹੈ?
2. ਕੀ ਉਸਦੀ ਕਿਸੇ 'ਰੱਬ' ਵਿਚ ਆਸਥਾ ਹੈ?
3. ਮਨੁੱਖੀ ਜੀਵਨ ਦਾ ਸਭ ਤੋਂ ਚੰਗਾ ਆਦਰਸ਼ ਕੀ ਹੋ ਸਕਦਾ ਹੈ?

ਇਨ੍ਹਾਂ ਤਿੰਨਾਂ ਜਗਿਆਸਾਵਾਂ ਵਿਚੋਂ ਪਹਿਲੀ ਬਾਰੇ ਲੇਖਕ ਦਾ ਜਵਾਬ 'ਨਾਂਹ' ਸੀ ਉਸ ਦਾ ਗਿਆਨ ਤੇ ਜੀਵਨ ਫਲਸਫਾ ਇਸ ਲੋਕ ਨਾਲ ਸਬੰਧਤ ਸੀ। ਦੂਜੀ ਜਿਗਿਆਸਾ ਸਬੰਧੀ ਉਹ ਡਾਰਵਿਨ ਦੇ ਵਿਕਾਸਵਾਦੀ ਸਿਧਾਂਤ ਦੇ ਤਰਕ ਤੋਂ ਜਾਣੂ ਸੀ। ਤੀਜੀ ਜਿਗਿਆਸਾ ਸਬੰਧੀ ਲੇਖਕ ਨੇ 'ਸਾਵੀਂ ਪੱਧਰੀ ਜ਼ਿੰਦਗੀ' ਪੁਸਤਕ ਵਿਚ ਜੀਵਨ ਜੀਉਣ ਦੇ ਆਦਰਸ਼ਾਂ ਬਾਰੇ ਜਾਣਕਾਰੀ ਦਿੱਤੀ ਹੈ। ਜਿਸ ਸਬੰਧੀ ਡ.ਜਗਜੀਵਨ ਸਿੰਘ ਨੇ ਕਿਹਾ ਹੈ, "ਗੁਰਬਖ਼ਸ਼ ਸਿੰਘ ਸਾਵੀਂ ਪੱਧਰੀ ਜ਼ਿੰਦਗੀ ਜੀਊਣ ਦੀ ਜਿਸ ਨਵੀਂ ਚੇਤਨਾ ਦਾ ਅਲਮਬਰਦਾਰ ਹੈ, ਉਸ ਵਿਚ ਮਨੁੱਖੀ ਜੀਵਨ-ਹੋਂਦ, ਗੌਰਵ ਅਤੇ ਕਦਰਾਂ-ਕੀਮਤਾਂ ਦੇ ਉਹ ਟੁੰਬਵੇਂ ਅਤੇ ਜਚਵੇਂ ਪਸਾਰ ਹਾਜ਼ਰ ਹਨ, ਜੋ ਸਤਯਮ, ਸ਼ਿਵਮ, ਸੁੰਦਰਮ ਅਤੇ ਪਿਆਰ ਭਾਵਨਾਵਾਂ ਨੂੰ ਮਨੁੱਖੀ ਜ਼ਿੰਦਗੀ ਲਈ ਵੱਡਾ ਵਰਦਾਨ ਤਸੱਵਰ ਕਰਦੇ ਹਨ। ਸਰੀਰਕ ਤੰਦਰੁਸਤੀ, ਮਨ ਦੀ ਸ਼ਾਂਤੀ, ਦੋਸਤੀ, ਪ੍ਰਸੰਸਾ, ਖੁਸ਼ੀਆਂ ਅਤੇ ਖੇੜੇ ਜਿਸ ਦੇ ਪ੍ਰੇਰਕ ਹਨ।"[12]

ਇਸ ਵਿਸ਼ਾਲ-ਕਾਇਨਾਤ ਵਿਚ ਹਰ ਮਨੁੱਖ ਦੀ ਆਪਣੀ ਜੀਵਨ ਸ਼ੈਲੀ ਤੇ ਸ਼ਖਸੀਅਤ ਹੈ ਜੇ ਇਹ ਸਾਵੀਂ ਪੱਧਰੀ ਹੈ ਤਾਂ ਮਨੁੱਖ ਵਿਖਮ ਤੋਂ ਵਿਖਮ ਪਰਸਥਿਤੀਆਂ ਵਿਚ ਅਡੋਲ-ਸਹਿਜ ਹੋ ਵਿਚਰਦਾ ਹੈ ਪਰ ਜੇ ਇਹ ਕਿਸੇ ਪੱਖ ਵੱਲ ਉਲਾਰ ਹੋ ਜਾਵੇ ਤਾਂ ਕੁਝ ਮਾੜਾ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਸੱਤਵੇਂ ਐਡੀਸ਼ਨ ਦੇ ਪ੍ਰਕਾਸ਼ਨ ਸਮੇਂ 27 ਜੁਲਾਈ 1959 ਈ.ਨੂੰ ਲਿਖੀ ਇੱਕ ਹੋਰ ਭੂਮਿਕਾ ਵਿਚ 'ਸਾਵੀਂ ਪੱਧਰੀ ਜ਼ਿੰਦਗੀ' ਬਾਰੇ ਲੇਖਕ ਨੇ ਸਪੱਸ਼ਟ ਕਰਦੇ ਕਿਹਾ ਹੈ ਕਿ ਨਿੱਤ-ਦਿਨ ਦੀ ਸਹਿਜਮਈ ਸਿੱਧੀ-ਸਾਦੀ ਜੀਵਨ-ਜਾਚ ਇੱਕ ਸਾਵੀਂ ਪੱਧਰੀ ਸ਼ਖਸੀਅਤ ਉਸਾਰਨ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਸਬੰਧੀ 'ਮੇਰਾ ਮਨੋਰਥ' ਲੇਖ ਵਿਚ ਗੁਰਬਖ਼ਸ਼ ਸਿੰਘ ਨੇ ਲਿਖਿਆ ਹੈ," ਕਈ ਸਿਆਣਿਆਂ ਕੋਲੋਂ ਉਪਦੇਸ਼ ਲਏ, ਕਈ ਗ੍ਰੰਥਾਂ ਦੀ ਸਿੱਖਿਆ ਉੱਤੇ ਚਲਣ ਦਾ ਜਤਨ ਕੀਤਾ। ਕਾਮ, ਕ੍ਰੋਧ, ਝੂਠ, ਈਰਖਾ, ਹੰਕਾਰ ਨੂੰ ਵੱਸ ਕਰਨ ਦੇ ਕਈ ਸਾਧਨ ਅਜ਼ਮਾਏ, ਪਰ ਬੜੀ ਥੋੜ੍ਹੀ ਕਾਮਯਾਬੀ

ਹੋਈ। ਹੁਣ ਰੋਜ਼ਾਨਾ ਜ਼ਿੰਦਗੀ ਦੇ ਪ੍ਰਮੁੱਖ ਜੱਜ ਦੀਆਂ ਨਿਗਾਹਾਂ ਵਿਚ ਪੂਰਾ ਉਤਰਨ ਦੀ ਖ਼ਾਹਿਸ਼ ਨੇ ਸਵੈ-ਕਾਬੂ ਦੀਆਂ ਵਾਗਾਂ ਇਸ ਤਰ੍ਹਾਂ ਹੱਥ ਫੜਾ ਦਿੱਤੀਆਂ ਹਨ ਕਿ ਇਹਨਾਂ ਬਿਨਾਂ ਕਦਮ ਵੀ ਪੁੱਟਣ ਦਾ ਹੀਆਂ ਨਹੀਂ ਪੈਂਦਾ।....ਮੈਨੂੰ ਕਿਸੇ ਹੋਰ ਉੱਚੀ ਕਿਸਮਤ ਦੀ ਚਾਹ ਨਹੀਂ ਰਹੀ, ਕਿਸੇ ਸਵਰਗ ਜਾਂ ਦਰਸ਼ਨਾਂ ਦੀ ਲਾਲਸਾ ਨਹੀਂ ਰਹੀ, ਕਿਸੇ ਮੁਕਤੀ ਜਾਂ ਮਿਹਰ ਦੀ ਆਸ ਨਹੀਂ ਰਹੀ। ਸਭ ਤੋਂ ਕਾਮਯਾਬ ਤੇ ਸੁੱਚਾ ਜੀਵਨ ਉਹੀ ਜਾਪਦਾ, ਜਿਸ ਵਿਚ ਸ਼ਿਕਾਇਤ ਨਾ ਹੋਵੇ, ਜਿਸ ਵਿਚ ਕਿਸੇ ਲਈ ਚੋਭਵਾ ਡੰਗ ਨਾ ਹੋਵੇ, ਜਿਸ ਵਿਚ ਖੁਸ਼ੀ ਲੈਣ ਦੀ ਤਾਂਘ ਹੀ ਜ਼ਿੰਦਗੀ ਦੀ ਮੂਲ ਪ੍ਰੇਰਨਾ ਹੋਵੇ,.....ਕੰਮ ਆਉਣ ਦੀ ਚਾਹ ਹੋਵੇ, ਪਿਆਰ ਕਰਨ ਦੀ ਅੰਗ-ਅੰਗ ਵਿਚ ਕੰਬਣੀ ਹੋਵੇ, ਲਫਜ਼ਾਂ ਵਿਚ ਦੁੱਖ ਦੂਰ ਕਰਨ ਦੀ ਜਾਦੂਗਰੀ, ਅੱਖਾਂ ਵਿਚ ਸਦੀਵੀਂ ਸ਼ੁਭ-ਇੱਛਾਵਾਂ ਦੀ ਮੁਸਕਰਾਹਟ ਹੋਵੇ।"[13]

1964 ਈ. ਵਿਚ 'ਸਾਵੀਂ ਪੱਧਰੀ ਜ਼ਿੰਦਗੀ' ਦੇ ਸੰਸਕਰਣ ਲੇਖਕ ਨੇ 22 ਅਕਤੂਬਰ 1964 ਦੀ ਲਿਖੀ ਇਕ ਨਵੀਂ ਭੂਮਿਕਾ ਲਗਾਈ ਜਿਸ ਵਿਚ ਸੰਤੁਲਿਤ ਜੀਵਨ ਢੰਗ ਬਾਰੇ ਦੱਸਿਆ ਕਿ ਜ਼ਿੰਦਗੀ ਦਾ ਸਾਵਾਂ ਪੱਧਰਾ ਹੋਣਾ ਸਾਡੇ ਜੀਵਨ ਫਲਸਫੇ 'ਤੇ ਨਿਰਭਰ ਕਰਦਾ ਹੈ। ਜੇ ਬੀਤੇ ਸਮੇਂ ਦੇ ਦੁੱਖਾਂ ਦਾ ਝੋਰਾ ਲਾਈ ਰੱਖੀਏ ਤਾਂ ਵਰਤਮਾਨ ਦੇ ਨਾਲ ਭਵਿੱਖ ਸਬੰਧੀ ਸੰਸੇ ਸਾਵਾਂ ਪੱਧਰਾ ਜੀਵਨ ਜੀਣ ਨਹੀਂ ਦਿੰਦੇ ਪਰ ਜੇ ਸੁਚੱਜੀ ਸਹਿਜਮਈ ਜੀਵਨ-ਜਾਚ ਅਪਣਾਈ ਜਾਵੇ ਤੇ ਆਚਰਣ ਦੀ ਪਰਪੱਕਤਾ ਤੇ ਪਹਿਰਾ ਦਿੱਤਾ ਜਾਵੇ ਤਾਂ ਕਿਸਮਤ ਆਪਣੇ ਆਪ ਜਾਗ ਪਵੇਗੀ।

'ਸਾਵੀਂ ਪੱਧਰੀ ਜ਼ਿੰਦਗੀ' ਪੁਸਤਕ ਵਿਚ ਗੁਰਬਖ਼ਸ਼ ਸਿੰਘ ਨੇ ਮਨੁੱਖੀ ਜੀਵਨ ਨੂੰ ਸਾਵਾਂ ਪੱਧਰਾ ਬਣਾਉਣ ਸਬੰਧੀ ਰੋਜ਼ਾਨਾ ਜੀਵਨ ਨਾਲ ਸਬੰਧਤ ਵੱਖ ਵੱਖ 16 ਵਿਸ਼ਿਆਂ ਸਬੰਧੀ ਲੇਖ ਲਿਖੇ ਹਨ :

**1.ਮੇਰਾ ਮਨੋਰਥ**

ਅਜੋਕੇ ਇੱਕੀਵੀਂ ਸਦੀ ਦੇ ਦੌਰ ਵਿਚ ਹਰ ਵਿਅਕਤੀ ਆਪਣੇ ਜੀਵਨ ਮਨੋਰਥ ਦੀ ਪੂਰਤੀ ਲਈ ਚੇਤੰਨ ਤੇ ਚਿੰਤਨਸ਼ੀਲ ਹੈ। ਪਰ ਇਸ ਲੇਖ ਦੇ ਲਿਖੇ ਜਾਣ ਸਮੇਂ ਅੱਜ ਜਿੰਨੀ ਚੇਤਨਾ ਨਹੀਂ ਆਈ ਸੀ । ਲੇਖਕ ਅਨੁਸਾਰ ਮਨੋਰਥ ਦਾ ਅਰਥ ਮਨ ਦੀ ਉਹ ਡੂੰਘੀ ਲੋਚਨਾ ਹੈ ਜਿਹੜੀ ਤਨ ਤੇ ਮਨ ਦੇ ਸਾਰੇ ਜਤਨਾਂ ਨੂੰ ਆਪਣੇ ਵੱਲ ਖਿੱਚ ਕੇ ਸਾਰੇ ਜੀਵਨ ਨੂੰ ਆਪਣੇ ਸੰਚੇ ਵਿਚ ਢਾਲਦੀ ਜਾਂਦੀ ਹੈ। ਆਪਣੇ ਮਨੋਰਥ ਦੀ ਪ੍ਰਾਪਤੀ ਲਈ ਇਕਾਗਰਚਿਤ ਹੋ ਯਤਨਸ਼ੀਲ ਰਹਿਣ ਨਾਲ ਮਨੋਰਥ ਸਿੱਧ ਹੋ ਜਾਂਦਾ ਹੈ। ਗੁਰਬਖ਼ਸ਼ ਸਿੰਘ ਨੇ ਮਨੋਰਥ ਦੀ ਪ੍ਰਾਪਤੀ ਤੇ ਮਹੱਤਤਾ ਬਾਰੇ ਕਿਹਾ ਹੈ, "ਮੈਂ ਇਸ ਨੂੰ ਚੰਗੀ ਤਰ੍ਹਾਂ ਸਮਝ ਲਿਆ ਹੈ ਕਿ ਮੇਰਾ ਮਨੋਰਥ ਪ੍ਰਸੰਨ ਰਹਿਣਾ ਹੈ--ਹਰ ਰੋਜ਼, ਹਰ ਘੜੀ, ਹਰ ਪਲ ਪ੍ਰਸੰਨ ਰਹਿ ਸਕਣਾ ਹੈ। ਪਰ ਮੈਂ ਤਾਂ ਹੀ ਰਹਿ ਸਕਦਾ ਹਾਂ ਜੇ ਮੇਰੀ ਬੋਲ-ਚਾਲ ਸੁਣਨ ਵਾਲਿਆਂ ਨੂੰ ਸੁਖਾਂਦੀ ਹੋਵੇ ਸ ਜੇ ਮੇਰਾ ਦ੍ਰਿਸ਼ ਵੇਖਣ ਵਾਲਿਆਂ ਨੂੰ ਚੰਗਾ ਲਗਦਾ ਹੋਵੇ ਤੇ ਸਾਥੀਆਂ ਨੂੰ ਖੁਸ਼ ਕਰ ਸਕਦਾ ਹੋਵੇ। ਜਦੋਂ ਮੇਰੀ ਲੇਖਣੀ, ਮੇਰੇ ਬੋਲ, ਮੇਰੇ ਕੰਮ, ਮੇਰੀ ਛਹੁ ਨਾਲ ਕਿਸੇ ਨੂੰ ਸੁਖ ਪਹੁੰਚਦਾ ਹੈ ਤੇ

ਉਹ ਪ੍ਰਸੰਸਾ ਕਰਦਾ ਹੈ ਤਾਂ ਮੈਂ ਬੜਾ ਪ੍ਰਸੰਨ ਹੁੰਦਾ ਹਾਂ।.....ਕੋਈ ਕਿਸੇ ਦੀ ਸੇਵਾ ਕਰਦਾ ਹੈ, ਕੋਈ ਕਿਸੇ ਲਈ ਕੁਰਬਾਨ ਹੁੰਦਾ ਹੈ, ਕੋਈ ਮੁਲਕ ਲਈ ਸ਼ਹੀਦ ਹੁੰਦਾ ਹੈ।"[14]

ਲੇਖਕ ਨੇ ਜੀਵਨ ਘਾਲਨਾਵਾਂ ਢਾਲਦਿਆਂ ਮਨੋ-ਸੰਸਿਆਂ ਸਬੰਧੀ ਇਸ ਸੱਚ ਨੂੰ ਸਮਝ ਲਿਆ ਸੀ ਕਿ ਸੁਖਦ ਤੇ ਸਹਿਜ ਜੀਵਨ ਜਿਉਣ ਲਈ ਅਤੇ ਮਨ ਦੀ ਸ਼ਾਂਤੀ ਲਈ ਖੁਸ਼ ਰਹਿਣਾ ਜ਼ਰੂਰੀ ਹੈ ਜੋ ਮਨੁੱਖ ਇਸ ਸੱਚਾਈ ਨੂੰ ਸਮਝ ਲੈਂਦਾ ਹੈ ਉਹ ਦੁਨਿਆਵੀ ਟਕਰਾਵਾਂ ਤੇ ਵਿਰੋਧਾਂ ਤੋਂ ਨਿਰਲੇਪ ਹੋ ਜਾਂਦਾ ਹੈ। ਇਸ ਸਬੰਧੀ ਗੁਰਬਖ਼ਸ਼ ਸਿੰਘ ਨੇ ਕਿਹਾ :-

ਮੈਂ ਹੁਦਾਰੀ ਖੁਸ਼ੀ ਪਿਛੇ ਆਪਣਾ ਨਕਦ ਰੋਜ਼ਾਨਾ ਜੀਵਨ ਔਖਾ ਨਹੀਂ ਰੱਖਣਾ ਚਾਹੁੰਦਾ। ਮੈਂ ਪ੍ਰਸੰਨ ਰਹਿਣਾ ਚਾਹੁੰਦਾ ਹਾਂ। ਇਸ ਲਈ ਮੈਂ ਆਪਣੀ ਪਤਨੀ, ਆਪਣੇ ਬੱਚਿਆਂ, ਆਪਣੇ ਗੁਆਂਢੀਆਂ ਤੇ ਆਪਣੇ ਨਾਲ ਸਬੰਧ ਰਖਣ ਵਾਲੇ ਹਰ ਇਕ ਨਾਲ ਇਕ-ਸੁਰ ਰਹਿਣ ਦਾ ਜਤਨ ਕਰਨਾ ਆਪਣੀ ਮੂਲ-ਰੀਝ ਨਾਲ ਵਫਾਦਾਰੀ ਸਮਝਦਾ ਹਾਂ।[15]

## 2. ਖ਼ੁਸ਼ੀ

ਇਸ ਲੇਖ ਵਿਚ ਲੇਖਕ ਨੇ ਇਹ ਦ੍ਰਿੜਾਇਆ ਹੈ ਕਿ ਮਨੁੱਖ ਦੇ ਹਰ ਕੰਮ ਦਾ ਮਨੋਰਥ ਖ਼ੁਸ਼ੀ ਹਾਸਲ ਕਰਨਾ ਹੈ। ਆਰਥਕ ਸੰਪਨਤਾ, ਪ੍ਰਸਿੱਧੀ, ਕੁਰਬਾਨੀ, ਤਿਆਗ ਆਦਿ ਹਰ ਪਰਸਥਿਤੀ ਦਾ ਸਬੰਧ ਖ਼ੁਸ਼ੀ ਨਾਲ ਜੁੜਿਆ ਹੋਇਆ ਹੈ। ਲੇਖਕ ਅਨੁਸਾਰ ਬਹੁਤ ਲੋਕਾਂ ਦੇ ਦੁੱਖੀ ਰਹਿਣ ਦਾ ਕਾਰਨ ਉਹ ਆਪ ਹਨ। ਉਨ੍ਹਾਂ ਨੂੰ ਖ਼ੁਸ਼ੀ ਦੀ ਪਹਿਚਾਣ ਨਹੀਂ ਇਸ ਦੀ ਪ੍ਰਾਪਤੀ ਲਈ ਜੀਵਨ ਦੀ ਦਿਨ-ਚਰਿਆ ਨੂੰ ਨਿਯਮਤ ਬਣਾਉਣਾ ਪੈਂਦਾ ਹੈ। ਦੂਜਿਆਂ ਲਈ ਆਪਾ ਵਾਰਨਾ ਪੈਂਦਾ ਹੈ। ਇਸ ਸਬੰਧੀ ਗੁਰਬਖ਼ਸ਼ ਸਿੰਘ ਦਾ ਵਿਚਾਰ ਹੈ, "ਸਫਲ ਸਮਾਜ ਨੂੰ ਮਨੁੱਖੀ ਖ਼ੁਸ਼ੀ ਦੀ ਮੰਜ਼ਲ ਅਸੀਂ ਨਹੀਂ ਕਹਿ ਸਕਦੇ ਪਰ ਮੰਜ਼ਲ ਵੱਲ ਸਿੱਧਾ ਸਾਫ ਰਸਤਾ ਜ਼ਰੂਰ ਹੈ। ਇਹਦੀ ਸਫਾਈ ਤੇ ਸਿਧਾਈ ਬਿਨਾਂ ਮਨੁੱਖ ਭਟਕਣਾ ਆਪਣੀ ਮੰਜ਼ਲ ਤੋਂ ਔਝੜ ਪੈਂਦਾ ਜਾਂਦਾ ਹੈ। ਮਨੁ ਖ਼ੁਸ਼ੀ ਦਾ ਸਬੰਧ ਦੂਜੀਆਂ ਸ਼ਖ਼ਸੀਅਤਾਂ ਨਾਲ ਹੋਣ ਕਰਕੇ ਸਮਾਜ ਹੀ ਵਧੀਆ ਵਿਚੋਲਾ ਬਣ ਸਕਦਾ ਹੈ। ਉਹ ਸਮਾਜ ਜਿਹੜਾ ਮਨੁੱਖ ਵਿਚ ਪ੍ਰਸਪਰ ਰਿਸ਼ਤੇਦਾਰੀ, ਸਮਝਦਾਰੀ ਤੇ ਸ਼ੁਭ-ਇੱਛਾਵਾਂ ਵਧਾਂਦਾ ਹੈ, ਮਨੁੱਖ ਦੀ ਬੜੀ ਵੱਡੀ ਲੋੜ ਹੈ : ਸਾਰੀ ਦੁਨੀਆਂ ਦੇ ਮਨੁੱਖ ਪਿਆਰੇ ਲਗਣ, ਸੁਹਣੇ ਲਗਣ, ਉਹਨਾਂ ਦੀਆਂ ਖੂਬੀਆਂ ਦੀ ਤਾਰੀਫ ਕਰਕੇ ਦਿਲ ਖੁਸ਼ ਹੋਵੇ।"[16]

## 3. ਪੂਰਨ ਭਾਈਚਾਰਾ

ਇਸ ਲੇਖ ਵਿਚ ਲੇਖਕ ਨੇ ਭਾਈਚਾਰਕ-ਭਰਾਤਰੀਭਾਵ, ਸਦਾਚਾਰਕ-ਸਦਭਾਵਨਾ ਅਤੇ ਪ੍ਰੇਮ ਸਬੰਧੀ ਜਿਕਰ ਕੀਤਾ ਹੈ। ਸਮਾਜ ਵਿਚ ਪ੍ਰਤਿਸ਼ਠਾ ਹਾਸਲ ਕਰਨ ਲਈ ਹੀ ਮਨੁੱਖ ਕਾਰਜਸ਼ੀਲ ਰਹਿੰਦਾ ਹੈ। ਇਸ ਸਬੰਧੀ ਗੁਰਬਖ਼ਸ਼ ਸਿੰਘ ਨੇ ਕਿਹਾ ਹੈ ਜੇ ਸਾਥੀਆਂ ਵਿਚਕਾਰ ਸਫਲ ਹੋਣ ਦੀ ਤਾਂਘ ਉਡ ਜਾਏ, ਜੇ ਗੁਆਂਢੀਆਂ

ਨਾਲ ਸਭ ਗਰਜਾਂ ਹਟ ਜਾਣ ਤੇ ਚੰਗਿਆ ਹੋਣ ਦੀ ਰੀਝ ਲੋਪ ਹੋ ਜਾਵੇ ਤਾਂ ਨੇਕੀ ਕੀ, ਰੱਬ ਤੇ ਕੁਦਰਤ ਵੀ ਬੇਅਰਥ ਹੋ ਜਾਣ। ਹਰ ਕਰਮ ਉਤੇ ਇਹ ਸਵਾਲ ਉਠੇ ਕਾਹਦੇ ਲਈ? ਲੇਖਕ ਅਨੁਸਾਰ ਪੱਛਮੀ ਦੇਸ਼ਾਂ ਵਿਚ ਦਹਾਕੇ ਬਤਾਉਣ ਤੋਂ ਬਾਅਦ ਜਦ ਪੰਜਾਬੀ , ਪੰਜਾਬ ਵਿਚ ਪਹੁੰਚ ਜਾਂਦੇ ਹਨ ਤਾਂ ਕੁਝ ਦਿਨਾਂ ਵਿਚ ਹੀ ਪੰਜਾਬ ਵਿਚ ਰਹਿਣ ਵਾਲੇ ਪੰਜਾਬੀਆਂ ਦੇ ਪੱਧਰ ਤੇ ਆ ਜਾਂਦੇ ਹਨ। ਸਾਡੇ ਦੇਸ਼ ਵਿਚ ਕਿਤਾਬੀ ਸਿੱਖਿਆ ਜਰੂਰ ਦਿੱਤੀ ਜਾਂਦੀ ਹੈ ਪਰ ਹਰ ਮਨੁੱਖ ਦੇ ਸਮਾਜ ਪ੍ਰਤੀ ਕੀ ਕੀ ਫਰਜ਼ ਹਨ ਇਨ੍ਹਾਂ ਸਬੰਧੀ ਲੋਕਾਂ ਨੂੰ ਜਾਗਰੂਕ ਨਹੀਂ ਕੀਤਾ ਗਿਆ। ਪ੍ਰਸ਼ਾਸਨ ਦੇ ਪ੍ਰਬੰਧਕੀ ਨਿਯਮਾਂ ਨੂੰ ਮੰਨਣਾ ਆਪਣਾ ਫਰਜ਼ ਨਹੀਂ ਸਮਝਦੇ ਸਗੋਂ ਸਵੈ-ਪ੍ਰਧਾਨਤਾ ਤੱਕ ਸੀਮਤ ਹੋ ਗਏ ਹਨ। ਲੇਖਕ ਅਨੁਸਾਰ ਪੂਰਨ ਭਾਈਚਾਰਾ ਤਾਂ ਹੀ ਹੋ ਸਕਦਾ ਹੈ ਜੇ ਘੱਟੋ ਘੱਟ ਅਚਾਰ-ਸੰਹਿਤਾ ਦਾ ਹਰ ਕੋਈ ਪਾਲਣ ਕਰੇ।

**4. ਪਿਆਰ**

ਪਿਆਰ ਜ਼ਿੰਦਗੀ ਦੀ ਸਰਬ-ਵਿਆਪਕ ਸੱਚਾਈ ਹੈ ਜਿਹੜੀ ਕਿਸੇ ਨਾ ਕਿਸੇ ਉਮਰ ਵਿਚ ਹਰ ਇਸਤਰੀ-ਪੁਰਸ਼ ਦੇ ਮਨ ਦਾ ਗੁੱਝਾ ਜਾਂ ਉਘੜਿਆ ਸੁਪਨਾ ਹੁੰਦਾ ਹੈ। ਸਾਡੇ ਦੇਸ਼ ਵਿਚ ਸਦੀਆਂ ਤੋਂ ਅਧਿਆਤਮਕ ਤੇ ਪਰਿਵਾਰਕ ਪ੍ਰੇਮ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ। ਔਰਤ-ਮਰਦਪਿਆਰ ਬਾਰੇ ਗੁਰਬਖ਼ਸ਼ ਸਿੰਘ ਦਾ ਵਿਚਾਰ ਹੈ : "ਜਿਸ ਸਿਆਣੇ ਨੇ ਇਸ ਤਾਕਤ ਦੀ ਪਛਾਣ ਕਰ ਲਈ ਤੇ ਇਸ ਦੀ ਵਾਗ-ਡੋਰ ਸੰਭਾਲ ਲਈ ਹੈ, ਉਸ ਨੇ ਖ਼ੁਸ਼ੀ, ਅਮਨ ਤੇ ਉਨੱਤੀ ਦਾ ਅਤੁਟ ਸੋਮਾ ਲੱਭ ਲਿਆ ਹੈ।.....ਪਿਆਰ, ਮਲਕੀਅਤ ਜਾਂ ਪਿਆਰੇ ਨੂੰ ਜਿੱਤ ਲੈਣ ਦੀ ਲਾਲਸਾ ਨਹੀਂ, ਪਿਆਰ ਦੇ ਜੀਵਨ ਨੂੰ ਆਪਣੇ ਨਾਲ ਸਾਂਝਿਆਂ ਕਰਨ ਦੀ ਰੀਝ ਹੈ। ਜਿਉਂ ਜਿਉਂ ਇਹ ਰੀਝ ਵੱਧਦੀ ਹੈ, ਡੂੰਘੀ ਤੇ ਚੌੜੀ ਹੁੰਦੀ ਜਾਂਦੀ ਹੈ। ਇਹ ਪਿਆਰ ਮਰਦ ਮਰਦ ਵਿਚ, ਇਸਤਰੀ ਇਸਤਰੀ ਵਿਚ, ਭਰਾਵਾਂ, ਦੋਸਤਾਂ, ਸਹੇਲੀਆਂ ਵਿਚ ਹੋ ਸਕਦਾ ਹੈ, ਪਰ ਇਸ ਦਾ ਪੂਰਾ ਜੋਬਨ ਜ਼ਿੰਦਗੀ ਦੇ ਜਮ੍ਹਾਂ ਮਨਫ਼ੀ ਮਿਕਨਾਤੀਸੀ ਸਿਰਿਆਂ ਵਿਚੋਂ ਨਿਕਲੀਆਂ ਰੌਆਂ ਦੇ ਮਿਲਾਪ ਵਿਚ ਹੁੰਦਾ ਹੈ। ਇਸਤ੍ਰੀ-ਮਰਦ ਬ੍ਰਿਹਮੰਡ-ਮਿਕਨਾਤੀਸ ਦੇ ਦੋ ਸਿਰੇ ਹਨ। ਇਹਨਾਂ ਸਿਰਿਆਂ ਵਿਚੋਂ ਵਖਰੀ ਵਖਰੀ ਰੌ ਤੁਰਦੀ ਹੈ--- ਜਮ੍ਹਾਂ ਤੇ ਮਨਫ਼ੀ। ਤੇ ਜਦੋਂ ਇਹ ਰੌਆਂ ਬਿਜਲੀ ਦੀ ਰੌਅ ਵਾਂਗ ਮਿਲਦੀਆਂ ਹਨ, ਇਕ ਨੂਰ ਪੈਦਾ ਹੁੰਦਾ ਹੈ।"[17]

**5. ਲਿੰਗ-ਗਿਆਨ**

ਇਸ ਲੇਖ ਵਿਚ ਲਿੰਗ-ਗਿਆਨ ਦੇ ਮਨੁੱਖੀ ਜੀਵਨ ਵਿਚ ਮਹੱਤਵ ਬਾਰੇ ਦੱਸਿਆ ਹੈ। ਲੇਖਕ ਅਨੁਸਾਰ ਦੁਨੀਆਂ ਦੂਰ-ਦੁਰਾਡੇ ਟਾਪੂਆਂ ਦੀ ਥਾਂ ਇਕ ਧਰਤੀ ਬਣਦੀ ਜਾ ਰਹੀ ਹੈ। ਆਵਾਜਾਈ ਦੇ ਵੱਧ ਰਹੇ ਆਧੁਨਿਕ ਸਾਧਨਾਂ ਕਰਕੇ ਦੂਰੀਆਂ ਮਿਟ ਗਈਆਂ ਹਨ। ਪੱਛਮ ਵਿਚ ਇਸ ਸਬੰਧੀ ਆਮ ਚਰਚਾਵਾਂ ਹੁੰਦੀਆਂ ਹਨ ਉਹ ਸਮਾਂ ਦੂਰ ਨਹੀਂ ਜਦ ਸਾਡੇ ਦੇਸ਼ ਵਿਚ ਇਸ ਵਿਸ਼ੇ ਸਬੰਧੀ ਵਿਚਾਰ-ਵਟਾਂਦਰੇ ਹੋਣ ਲੱਗ ਪੈਣਗੇ।

ਪਰਿਵਰਤਨ ਪ੍ਰਗਤੀਸ਼ੀਲਤਾ ਦੀ ਨਿਸ਼ਾਨੀ ਹੈ। ਪੱਛਮੀ ਸਭਿਅਤਾ ਵਾਂਗ ਸਾਡੇ ਦੇਸ਼ ਵਿਚ ਔਰਤਾਂ ਨੌਕਰੀ ਕਰਨ ਅਤੇ ਵਿਆਹ ਨਾ ਕਰਾਉਣ ਵਰਗੇ ਫੈਸਲੇ ਖੁਦ ਲੈਣ ਲੱਗ ਜਾਣਗੀਆਂ। ਕਾਮ-ਰੁਚੀਆਂ ਸਬੰਧੀ ਸਮਝ ਕਿਸੇ ਵਿਅਕਤੀ ਦੀ ਮਾਨਸਿਕਤਾ ਨੂੰ ਸਮਝਣ ਵਿਚ ਸਹਾਈ ਹੁੰਦੀ ਹੈ। ਸਾਡੇ ਦੇਸ਼ ਵਿਚ ਵੱਧ ਰਹੇ ਪਾਖੰਡਵਾਦ ਬਾਰੇ ਗੁਰਬਖ਼ਸ਼ ਸਿੰਘ ਨੇ ਕਿਹਾ ਹੈ, "ਵੱਡੇ ਆਦਮੀ, ਸਿਆਣੇ ਸੰਤ ਮਹੰਤ,ਮੰਨੇ ਪ੍ਰਮੰਨੇ ਸਵਾਮੀ ਤੇ ਮਹਾਰਾਜ, ਪ੍ਰਸਿੱਧ ਪਾਰਸਾ-ਇਨਾਂ ਵਿਚੋਂ ਬਹੁਤਿਆਂ ਦੀ ਗੰਭੀਰਤਾ ਦੇ ਉਪਰਲੇ ਪਾਪੜ ਤੋੜਨ ਦੀ ਢਿੱਲ ਹੈ ਕਿ ਅੰਦਰੋਂ ਡਾਢ੍ਹੇ ਅੱਲੇ ਤੇ ਗਿਜਗਿਜੇ ਲਿੰਗ-ਸੰਸਕਾਰ ਨੰਗੇ ਹੋ ਜਾਂਦੇ ਹਨ। ਇਹ ਬੜੀਆਂ ਭੁੱਖੀਆਂ ਨਜ਼ਰਾਂ ਨਾਲ ਇਸਤਰੀ ਵਲ ਤਕਦੇ ਹਨ।"[18] ਲੇਖਕ ਦਾ ਵਿਚਾਰ ਹੈ ਭਾਰਤ ਉਦੋਂ ਤੱਕ ਤਰੱਕੀ ਨਹੀਂ ਕਰ ਸਕਦਾ ਜਦ ਤਕ ਕੁੜੀਆਂ ਨਿਡਰ ਹੋ ਕੇ ਕੰਮ ਦੇ ਹਰ ਖੇਤਰ ਵਿਚ ਪ੍ਰਵੇਸ਼ ਨਹੀਂ ਕਰਦੀਆਂ। ਲਿੰਗ-ਗਿਆਨ ਦੀ ਮਹੱਤਤਾ ਬਾਰੇ ਹੋਰ ਸਪੱਸ਼ਟ ਕਰਦੇ ਹੋਏ ਗੁਰਬਖ਼ਸ਼ ਸਿੰਘ ਨੇ ਕਿਹਾ ਹੈ, "ਜੇ ਜ਼ਿੰਦਗੀ ਨੂੰ ਕਾਇਮ ਰੱਖਣ ਲਈ ਖੁਰਾਕ, ਪੁਸ਼ਾਕ ਤੇ ਘਰ ਤਿੰਨ ਜ਼ਰੂਰੀ ਲੋੜਾਂ ਹਨ ਤਾਂ ਜ਼ਿੰਦਗੀ ਨੂੰ ਪ੍ਰਸੰਨ ਤੇ ਉਤਸ਼ਾਹ ਭਰਪੂਰ ਬਣਾਉਣ ਲਈ ਲਿੰਗ-ਕਾਮਨਾਵਾਂ ਨੂੰ ਸੰਤੁਸ਼ਟ ਰੱਖਣਾ ਜ਼ਰੂਰੀ ਹੈ।"[19]

### 6. ਵਿਆਹ

ਸਮਾਜਕ ਮਰਿਆਦਾ ਅਤੇ ਰਿਸ਼ਤਿਆਂ ਉੱਪਰ ਨਿਯੰਤਰਣ ਰੱਖਣਾ ਅਤਿ ਜ਼ਰੂਰੀ ਹੈ। ਸਮੇਂ ਦੇ ਬਦਲਣ ਨਾਲ ਹੁਣ ਕੁੜੀਆਂ ਦੀ ਸਿੱਖਿਆ ਵੱਲ ਖਾਸ ਧਿਆਨ ਦਿੱਤਾ ਜਾਂਦਾ ਹੈ। ਲੇਖਕ ਨੇ ਇਹ ਸੁਝਾਅ ਦਿੱਤਾ ਹੈ ਕਿ ਮੁੰਡੇ-ਕੁੜੀ ਨੂੰ ਪੜ੍ਹਨ ਦੇ ਬਰਾਬਰ ਮੌਕੇ ਦੇਣੇ ਚਾਹੀਦੇ ਹਨ। ਬੱਚਿਆਂ ਉੱਪਰ ਸਖਤ ਨਿਯਮਤਾ ਦੀ ਥਾਂ ਉਨ੍ਹਾਂ ਨਾਲ ਮਿੱਤਰਤਾ ਵਾਲੇ ਸਬੰਧ ਰੱਖਣੇ ਚਾਹੀਦੇ ਹਨ ਤਾਂ ਜੋ ਸਨੇਹ ਅਪਣੱਤ ਲਈ ਉਨ੍ਹਾਂ ਨੂੰ ਪਰਿਵਾਰ ਤੋਂ ਬਾਹਰ ਕਿਸੇ ਤੇ ਆਸ ਨਾ ਰੱਖਣੀ ਪਵੇ। ਸਖਤੀ ਦੀ ਥਾਂ ਉਨ੍ਹਾਂ ਨੂੰ ਖੁਦ ਦੇ ਅਧਿਕਾਰਾਂ ਤੇ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾ ਦੇਣਾ ਚਾਹੀਦਾ ਹੈ। ਵਿਆਹ ਵਰਗੇ ਪਵਿੱਤਰ ਰਿਸ਼ਤੇ ਵਿਚ ਬੱਝਣ ਲਈ ਆਪਣਾ ਜੀਵਨ ਸਾਥੀ ਚੁਨਣ ਦੀ ਖੁੱਲ੍ਹ ਦੇਣੀ ਚਾਹੀਦੀ ਹੈ। ਆਪਣੇ ਜੀਵਨ ਤਜਰਬੇ ਤੋਂ ਮੁੰਡੇ-ਕੁੜੀ ਵਿਆਹ ਸਬੰਧੀ ਸੁਝਾਅ ਜ਼ਰੂਰ ਦੇ ਦੇਣੇ ਚਾਹੀਦੇ ਹਨ। ਵਿਆਹ ਪਿੱਛੋਂ ਵਿਆਹੇ ਜੋੜੇ ਨੂੰ ਆਪਣੇ ਫੈਸਲੇ ਖੁਦ ਲੈਣ ਦਾ ਅਧਿਕਾਰ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ ਕਾਬੂ ਕਰਕੇ ਰੱਖਣ ਦੀ ਮਾਨਸਿਕਤਾ ਨੂੰ ਤਿਆਗ ਦੇਣਾ ਚਾਹੀਦਾ ਹੈ। ਲੇਖਕ ਨੇ ਇਹ ਵੀ ਸੁਝਾਅ ਦਿੱਤਾ ਹੈ ਕਿ ਵਿਆਹ ਉੱਪਰ ਵਿਤੋਂ ਵੱਧ ਖਰਚ ਨਹੀਂ ਕਰਨਾ ਚਾਹੀਦਾ। ਸਾਦਾ ਰਸਮਾਂ ਨਾਲ ਹੋਏ ਵਿਆਹ ਵਿਚ ਰਿਸ਼ਤਿਆਂ 'ਚ ਮਨ-ਮਟਾਵ ਦੀ ਥਾਂ ਨੇੜ੍ਹਤਾ ਬਣੀ ਰਹਿੰਦੀ ਹੈ।

### 7. ਜੀਵਨ ਜਾਚ

ਇਸ ਲੇਖ ਵਿਚ ਮਨੁੱਖੀ ਜੀਵਨ ਦੇ ਵਿਭਿੰਨ ਸਰੋਕਾਰਾਂ ਬਾਰੇ ਚਰਚਾ ਕੀਤੀ ਗਈ ਹੈ। ਅਜੋਕੇ ਵਿਗਿਆਨ ਅਤੇ ਸਿੱਖਿਆ ਦੇ ਵੱਧ ਰਹੇ ਪ੍ਰਭਾਵ ਦੇ ਦੌਰ ਵਿਚ ਪੀੜ੍ਹੀਆਂ ਤੋਂ ਚਲੀਆਂ ਆ ਰਹੀਆਂ ਕਦਰਾਂ-ਕੀਮਤਾਂ ਦੇ ਨਾਲ ਨਵੇਂ ਵਿਚਾਰਾਂ ਨੂੰ

ਅਪਣਾਉਣ ਦੀ ਵੀ ਲੋੜ ਹੈ ਤਾਂ ਹੀ ਸਮੇਂ ਦੇ ਹਾਣ ਦਾ ਹੋਇਆ ਜਾ ਸਕਦਾ ਹੈ। ਲੇਖਕ ਦਾ ਵਿਚਾਰ ਹੈ ਮਨੁੱਖ ਨੂੰ ਆਪਣਾ ਕੋਈ ਨਿਸ਼ਾਨਾ ਜਾਂ ਮਨੋਰਥ ਜ਼ਰੂਰ ਨਿਯਤ ਕਰਨਾ ਚਾਹੀਦਾ ਹੈ। ਵਹਿਮਾਂ-ਭਰਮਾਂ, ਸਾਧਾਂ-ਸਿਆਣਿਆਂ ਦੇ ਚੁੰਗਲ ਆਦਿ ਵਿਚ ਪੈ ਕੇ ਮਨੁੱਖ ਆਪਣਾ ਸਵੈ-ਵਿਸ਼ਵਾਸ ਖੋ ਲੈਂਦਾ ਹੈ ਅਤੇ ਥਾਂ-ਥਾਂ ਮੱਥੇ ਰਗੜਨ ਦਾ ਆਦੀ ਹੋ ਜਾਂਦਾ ਹੈ। ਇਨ੍ਹਾਂ ਪਿਛਾਂਹਖਿਚੂ ਲੋਕਾਂ ਦੀ ਮਾਨਸਿਕਤਾ ਬਾਰੇ ਗੁਰਬਖ਼ਸ਼ ਸਿੰਘ ਨੇ ਕਿਹਾ ਹੈ, "ਆਪਣੇ ਹੀ ਬੁੱਤਾਂ ਅੱਗੇ ਮੱਥੇ ਟੇਕਦੇ ਹਨ। ਵਿਆਹ, ਮਰਨੇ , ਜੰਮਣੇ,ਇਨ੍ਹਾਂ ਨੂੰ ਭੈਭੀਤ ਕਰ ਰਹੇ ਹਨ। ਸਹਿਮੀਆਂ ਇਸਤ੍ਰੀਆਂ ਮੰਦਰਾਂ ਦੀਆਂ ਚੌਂਕੀਆਂ ਭਰ ਰਹੀਆਂ ਹਨ। ਸਾਧਾਂ ਨੂੰ ਖੀਰਾਂ ਖੁਆ ਰਹੀਆਂ ਹਨ। ਕਬਰਾਂ ਉਤੇ ਦੀਵੇ ਬਾਲ ਰਹੀਆਂ ਹਨ। ਅਨੇਕਾਂ ਮੇਰੇ ਭਰਾ ਰਾਤੀ ਉਠ-ਉਠ ਕੇ ਸਮਾਧੀਆਂ ਲਾਂਦੇ ਹਨ। ਸੈਂਕੜੇ ਰਟਨ ਕਰਦੇ, ਠੰਡੇ ਸਰੋਵਰਾਂ ਵਿਚ ਫਾਥੇ, ਨਾ ਸੰਤਾਨ ਨੂੰ ਖੁਸ਼ ਰੱਖਦੇ ਹਨ, ਨਾ ਸਾਥੀਆਂ ਨਾਲ ਨਿਭਾਉਂਦੇ ਹਨ।"[20]

ਗੁਰਬਖ਼ਸ਼ ਸਿੰਘ ਨੇ ਜੀਵਨ ਦੇ ਵਿਭਿੰਨ ਸਰੋਕਾਰਾਂ ਸਬੰਧੀ ਪੁਨਰ-ਚਿੰਤਨ ਕਰਨ ਦਾ ਸੁਝਾਅ ਦਿੱਤੇ ਹਨ - ਵਿਆਹ, ਸੰਤਾਨ, ਗੁਆਂਢੀ, ਦੇਸ਼, ਦੁਨੀਆਂ, ਧਰਮ, ਪਿਆਰ, ਰੰਜ ਤੇ ਖੁਸ਼ੀਆਂ, ਗਿਆਨ, ਮੌਤ ਆਦਿ ਸਬੰਧੀ ਪੀੜ੍ਹੀਆਂ ਤੋਂ ਚਲੇ ਆ ਰਹੇ ਬੇ-ਮਤਲਬ ਵਿਚਾਰਾਂ ਨੂੰ ਛੱਡ ਨਵੀਨਤਮ ਤਰਕਸੰਗਤ ਵਿਚਾਰਾਂ ਨੂੰ ਅਪਣਾਉਣਾ ਚਾਹੀਦਾ ਹੈ ਤਾਂ ਜੋ ਸਾਡੀਆਂ ਸਮਾਜਕ, ਸਭਿਆਚਾਰਕ, ਆਰਥਕ ਸਥਿਤੀਆਂ ਵਿਸ਼ਵ ਦੇ ਹਾਣ ਦੀਆਂ ਹੋ ਸਕਣ।

### 8. ਰੋਟੀ ਵੇਲਾ

ਗੁਰਬਖ਼ਸ਼ ਸਿੰਘ ਦੀ ਇਹ ਦਿਲੀ ਇੱਛਾ ਸੀ ਕਿ ਪੰਜਾਬ ਦੇ ਲੋਕ ਮਾਨਸਿਕ ਤੌਰ ਤੇ ਦ੍ਰਿੜਤਾ ਤੇ ਖ਼ੁਸ਼ਹਾਲ ਜੀਵਨ ਜਿਉਣ ਇਸੇ ਲਈ ਉਸ ਨੇ ਰੋਟੀ ਖਾਣ ਦੇ ਸਮੇਂ ਨੂੰ ਸੁਖਾਵਾਂ, ਸ਼ਾਂਤ, ਸਹਿਜ ਤੇ ਖੁਸੀਆਂ ਭਰਿਆ ਬਣਾਉਣ ਲਈ ਸੁਝਾਅ ਦਿੱਤੇ ਹਨ। ਲੇਖਕ ਅਨੁਸਾਰ ਪਰਿਵਾਰ ਨੂੰ ਇਕੱਠੇ ਬੈਠ ਕੇ ਖਾਣਾ ਚਾਹੀਦਾ ਹੈ। ਇਸ ਮੌਕੇ ਪਰਿਵਾਰ ਵਿਚ ਹਲਕਾ-ਫੁਲਕਾ ਹਾਸਾ-ਮਜ਼ਾਕ ਤੇ ਖਾਣਾ ਬਣਾਉਣ ਵਾਲੇ ਦੀ ਤਾਰੀਫ ਕਰਨਾ ਖਾਣੇ ਦੇ ਸੁਆਦ ਨੂੰ ਦੁੱਗਣਾ ਕਰ ਦਿੰਦਾ ਹੈ। ਖਾਣੇ ਦੇ ਸਮੇਂ ਦੇ ਮਹੱਤਵ ਬਾਰੇ ਗੁਰਬਖ਼ਸ਼ ਸਿੰਘ ਦਾ ਕਥਨ ਹੈ, "ਰੋਟੀ ਵੇਲਾ ਸਾਡੀ ਸ਼ਖ਼ਸੀਅਤ ਦਾ ਇਮਤਿਹਾਨ ਹੈ।ਇਸ ਇਮਤਿਹਾਨ ਦੇ ਨਤੀਜਿਆਂ ਤੋਂ ਅਸੀਂ ਆਪਣਾ ਅਸਲੀ ਭਾਰ ਤੋਲ ਸਕਦੇ ਹਾਂ। ਜੋ ਕੁਝ ਅਸੀਂ ਸੋਚਦੇ ਹਾਂ, ਉਹ ਰੋਟੀ ਵੇਲੇ ਅਸੀਂ ਆਪਣੀਆਂ ਅਦਾਵਾਂ ਵਿਚ ਪ੍ਰਗਟ ਕਰਦੇ ਹਾਂ।ਨਾ ਘ੍ਰਿਣਾ ਲੁਕਾ ਸਕਦੇ ਹਾਂ, ਨਾ ਅਕੇਵਾ, ਨਾ ਲਾਪਰਵਾਹੀ, ਨਾ ਖ਼ੁਦਗਰਜ਼ੀ ਅਤੇ ਨਾ ਆਪਣੇ ਜਜ਼ਬਿਆਂ ਦੀ ਅਮੀਰੀ ਗਰੀਬੀ। ਕਿਸੇ ਦੇ ਘਰ ਵਿਚ ਬਹਿ ਇਕ ਡੰਗ ਰੋਟੀ ਖਾਣਾ ਮਾਨੋ ਆਪਣੀ ਆਤਮਾ ਦੀ ਫੋਟੋ ਖਿਚਵਾਣਾ ਹੈ।"[21]

### 9. ਈਰਖਾ

ਅਜੋਕਾ ਸਮਾਂ ਸਖਤ ਮੁਕਾਬਲੇ ਦਾ ਹੈ। ਕੁਝ ਵਿਅਕਤੀ ਆਪਣੀ ਯੋਗਤਾ ਜਾਂ ਮੌਕੇ ਦਾ ਸਦਉਪਯੋਗ ਕਰਨ ਕਰਕੇ ਉੱਚ ਨੌਕਰੀ ਹਾਸਲ ਕਰ ਲੈਂਦੇ ਹਨ।

ਨੌਕਰੀ ਤੋਂ ਵੰਚਿਤ ਰਹਿਣ ਵਾਲੇ ਉਨ੍ਹਾਂ ਨਾਲ ਈਰਖਾ ਕਰਦੇ ਹਨ ਅਤੇ ਆਪਣੀ ਅਸਫਲਤਾ ਦਾ ਦੋਸ਼ ਨੌਕਰੀ ਹਾਸਲ ਕਰਨ ਵਾਲੇ ਤੇ ਲਾਉਂਦੇ ਹਨ। ਈਰਖਾ ਕਰਨ ਦਾ ਰੋਗ ਲੱਗਣ ਤੇ ਵਿਅਕਤੀ ਮਿਹਨਤ ਕਰਨ ਦੀ ਥਾਂ ਦੂਜਿਆਂ ਤੇ ਇਲਜ਼ਾਮ ਲਾਉਣ ਦੇ ਆਦੀ ਹੋ ਜਾਂਦੇ ਹਨ। ਮਿਹਨਤ ਨਾ ਕਰਨ ਕਰਕੇ ਉਨ੍ਹਾਂ ਦਾ ਆਤਮਵਿਸ਼ਵਾਸ ਖਤਮ ਹੋ ਜਾਂਦਾ ਹੈ। ਜਦੋਂ ਕਿ ਮਿਹਨਤੀ, ਸਵੈ-ਵਿਸ਼ਵਾਸ ਤੇ ਸਵੈਮਾਨ ਵਾਲੇ ਸਮੇ ਨਾਲ ਆਪਣੇ ਮਨੋਰਥ ਦੀ ਪ੍ਰਾਪਤੀ ਕਰ ਲੈਂਦੇ ਹਨ।

ਲੇਖਕ ਅਨੁਸਾਰ ਈਰਖਾ ਵਿਅਕਤੀ ਦੀ ਅਸਫਲਤਾ ਦਾ ਸੱਚ ਹੈ। ਜਦੋਂ ਕੋਈ, ਦੂਜੇ ਦੀ ਮਿਹਨਤ ਤੇ ਪ੍ਰਾਪਤੀ ਦਾ ਮੁਕਾਬਲਾ ਨਹੀਂ ਕਰ ਸਕਦੇ ਉਦੋਂ ਉਸ ਨਾਲ ਈਰਖਾ ਕਰਦੇ ਹਾਂ। ਈਰਖਾ ਦੇ ਰੋਗ ਤੋਂ ਸੁਚੇਤ ਕਰਦੇ ਹੋਏ ਗੁਰਬਖ਼ਸ਼ ਸਿੰਘ ਕਹਿੰਦੇ ਹਨ, "ਈਰਖਾ! ਉਹ ਮਲੱਪ ਹੈ, ਜਿਹੜਾ ਅੰਦਰੋਂ-ਅੰਦਰ ਸਾਡੀ ਖੁਰਾਕ ਖਾ ਜਾਂਦਾ ਹੈ। ਆਪ ਮੋਟਾ ਹੁੰਦਾ ਜਾਂਦਾ ਹੈ ਤੇ ਸਾਨੂੰ ਸੁਕਾਕੇ ਪਿੰਜਰ ਬਣਾ ਦਿੰਦਾ ਹੈ। ਸਾਡਾ ਖ਼ੂਨ ਚੂਸ ਕੇ ਰੰਗ ਪੀਲਾ ਕਰ ਦਿੰਦਾ ਹੈ। .......ਈਰਖਾ ਦਾ ਦਾਰੂ ਆਪਣੀ ਯੋਗਤਾ ਵਿਚ ਵਿਸ਼ਵਾਸ ਰੱਖਣਾ ਹੈ।"[22]

### 10. ਬੋਲ-ਚਾਲ ਦਾ ਹੁਨਰ

ਲੇਖਕ ਅਨੁਸਾਰ ਬੋਲ-ਚਾਲ ਦਾ ਹੁਨਰ ਇਨਸਾਨ ਨੂੰ ਉੱਚ ਪਦਵੀਆਂ ਤੇ ਬਿਠਾ ਧਨਵਾਨ ਬਣਾ ਦਿੰਦਾ ਹੈਂ। ਹਰ ਮਨੁੱਖ ਉਮਰ ਭਰ ਇਹ ਜੁਗਤਾਂ ਸਿੱਖਣ ਲਈ ਯਤਨਸ਼ੀਲ ਰਹਿੰਦਾ ਹੈ ਕਿ ਉਹ ਦੂਜਿਆਂ ਨੂੰ ਕਿਵੇਂ ਪ੍ਰਭਾਵਿਤ ਕਰ ਸਕੇਗਾ। ਇਸ ਲੇਖ ਵਿਚ ਗੁਰਬਖ਼ਸ਼ ਸਿੰਘ ਨੇ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਸ਼ਬਦ ਭਾਵ ਬੋਲਚਾਲ ਦਾ ਸੁਚੱਜਾ ਹੁਨਰ ਜੀਵਨ ਸਫਲਤਾ ਦਾ ਸਾਧਨ ਹੈ :

"ਇਸ ਵਿਚ ਰਤਾ ਜਿੰਨੀ ਅਤਿਕਥਨੀ ਨਹੀਂ ਕਿ ਸ਼ਬਦ ਦੀ ਵਰਤੋਂ, ਗੱਲਬਾਤ ਦੇ ਹੁਨਰ ਨੂੰ ਮੁਕੰਮਲ ਕਰਕੇ ਹਰ ਕੋਈ ਆਪਣੇ ਆਲੇ- ਦੁਆਲੇ ਉਤੇ ਕਾਬੂ ਪਾ ਸਕਦਾ ਹੈ। ਕੀ ਸੱਸ, ਕੀ ਨੂੰਹ, ਕੀ ਦੋਸਤ, ਕੀ ਸਹੇਲੀ, ਕੀ ਪਤਨੀ, ਕੀ ਮਾਲਕ, ਕੀ ਨੌਕਰ ਸਭ ਦੇ ਸਭ ਸਾਡੀ ਇੱਛਾ ਨੂੰ ਆਪਣੀ ਇੱਛਾ ਬਣਾ ਲੈਣਗੇ। ਹਰੇਕ ਇਨਸਾਨ ਤਾਕਤ ਦਾ ਭੁੱਖਾ ਹੁੰਦਾ ਹੈ ਤੇ ਹਰ ਵਸੀਲੇ ਨਾਲ ਤਾਕਤ ਹਾਸਲ ਕਰਨ ਦਾ ਯਤਨ ਕਰਦਾ ਹੈ। ਘੁਲਣਾ ਸਿਖਦਾ ਹੈ, ਹਥਿਆਰ ਬਣਾਂਦਾ ਹੈ, ਧਨ ਜੋੜਦਾ ਹੈ, ਚਲਾਕੀਆਂ ਕਰਦਾ ਹੈ, ਪਰ ਇਨ੍ਹਾਂ ਵਿਚੋਂ ਕਿਸੇ ਵੀ ਸਾਧਨ ਵਿਚ ਉਹ ਤਾਕਤ ਨਹੀਂ ਜਿਹੜੀ ਸ਼ਬਦਾਂ ਦੀ ਸੁਚੱਜੀ ਵਰਤੋਂ ਵਿਚ ਹੈ। ਸ਼ਬਦ ਇਕ ਜਾਦੂ ਦਾ ਟੁਕੜਾ ਹੈ, ਚੰਗੇ ਸ਼ਬਦ ਚੰਗੀ ਤਰ੍ਹਾਂ ਵਰਤ ਸਕਣ ਵਾਲਾ ਕਾਮਲ ਜਾਦੂਗਰ ਹੈ।....ਇਹ ਹਾਰਿਆਂ ਨੂੰ ਜਿੱਤਾ ਸਕਦਾ ਹੈ, ਉਜੜਿਆ ਨੂੰ ਵਸਾ ਸਕਦਾ ਹੈ, ਇਹ ਵਹਿਸ਼ੀਆਂ ਨੂੰ ਸਿੱਧਾ ਕਰ ਸਕਦਾ ਹੈ।"[23] ਇਸ ਲੇਖ ਵਿਚ ਲੇਖਕ ਨੇ ਇਹ ਸੁਨੇਹਾ ਦਿੱਤਾ ਹੈ ਕਿ ਕਦੇ ਕਿਸੇ ਨੂੰ ਵੀ ਮੰਦੇ ਸ਼ਬਦ ਨਹੀਂ ਬੋਲਣੇ ਚਾਹੀਦੇ। ਵੱਡਿਆਂ ਤੇ ਮਾਪਿਆਂ ਵੱਲੋਂ ਦਿੱਤਾ ਉਤਸ਼ਾਹ ਬੱਚਿਆਂ ਦੀ ਸ਼ਖ਼ਸੀਅਤ ਨਿਖਾਰਨ ਤੇ ਸਫਲਤਾ ਦਾ ਸਾਧਨ ਬਣਦਾ ਹੈ। ਕਿਸੇ ਦੀ ਨੁਕਤਾਚੀਨੀ, ਨਿੰਦਾ ਜਾਂ ਅਪਸ਼ਬਦ ਬੋਲਣ ਵਾਲਾ ਵਿਅਕਤੀ ਦੂਜੇ ਨੂੰ

ਨੌਕਰੀ ਤੋਂ ਵੰਚਿਤ ਰਹਿਣ ਵਾਲੇ ਉਨ੍ਹਾਂ ਨਾਲ ਈਰਖਾ ਕਰਦੇ ਹਨ ਅਤੇ ਆਪਣੀ ਅਸਫਲਤਾ ਦਾ ਦੋਸ਼ ਨੌਕਰੀ ਹਾਸਲ ਕਰਨ ਵਾਲੇ ਤੇ ਲਾਉਂਦੇ ਹਨ। ਈਰਖਾ ਕਰਨ ਦਾ ਰੋਗ ਲੱਗਣ ਤੇ ਵਿਅਕਤੀ ਮਿਹਨਤ ਕਰਨ ਦੀ ਥਾਂ ਦੂਜਿਆਂ ਤੇ ਇਲਜ਼ਾਮ ਲਾਉਣ ਦੇ ਆਦੀ ਹੋ ਜਾਂਦੇ ਹਨ। ਮਿਹਨਤ ਨਾ ਕਰਨ ਕਰਕੇ ਉਨ੍ਹਾਂ ਦਾ ਆਤਮਵਿਸ਼ਵਾਸ ਖ਼ਤਮ ਹੋ ਜਾਂਦਾ ਹੈ। ਜਦੋਂ ਕਿ ਮਿਹਨਤੀ, ਸਵੈ-ਵਿਸ਼ਵਾਸ ਤੇ ਸਵੈਮਾਨ ਵਾਲੇ ਸਮੇਂ ਨਾਲ ਆਪਣੇ ਮਨੋਰਥ ਦੀ ਪ੍ਰਾਪਤੀ ਕਰ ਲੈਂਦੇ ਹਨ।

ਲੇਖਕ ਅਨੁਸਾਰ ਈਰਖਾ ਵਿਅਕਤੀ ਦੀ ਅਸਫਲਤਾ ਦਾ ਸੱਚ ਹੈ। ਜਦੋਂ ਕੋਈ, ਦੂਜੇ ਦੀ ਮਿਹਨਤ ਤੇ ਪ੍ਰਾਪਤੀ ਦਾ ਮੁਕਾਬਲਾ ਨਹੀਂ ਕਰ ਸਕਦੇ ਉਦੋਂ ਉਸ ਨਾਲ ਈਰਖਾ ਕਰਦੇ ਹਾਂ।ਈਰਖਾ ਦੇ ਰੋਗ ਤੋਂ ਸੁਚੇਤ ਕਰਦੇ ਹੋਏ ਗੁਰਬਖ਼ਸ਼ ਸਿੰਘ ਕਹਿੰਦੇ ਹਨ, "ਈਰਖਾ! ਉਹ ਮਲੱਪ ਹੈ, ਜਿਹੜਾ ਅੰਦਰੋਂ-ਅੰਦਰ ਸਾਡੀ ਖ਼ੁਰਾਕ ਖਾ ਜਾਂਦਾ ਹੈ। ਆਪ ਮੋਟਾ ਹੁੰਦਾ ਜਾਂਦਾ ਹੈ ਤੇ ਸਾਨੂੰ ਸੁਕਾਕੇ ਪਿੰਜਰ ਬਣਾ ਦਿੰਦਾ ਹੈ। ਸਾਡਾ ਖ਼ੂਨ ਚੂਸ ਕੇ ਰੰਗ ਪੀਲਾ ਕਰ ਦਿੰਦਾ ਹੈ। .......ਈਰਖਾ ਦਾ ਦਾਰੂ ਆਪਣੀ ਯੋਗਤਾ ਵਿਚ ਵਿਸ਼ਵਾਸ ਰੱਖਣਾ ਹੈ।"[22]

**10. ਬੋਲ-ਚਾਲ ਦਾ ਹੁਨਰ**

ਲੇਖਕ ਅਨੁਸਾਰ ਬੋਲ-ਚਾਲ ਦਾ ਹੁਨਰ ਇਨਸਾਨ ਨੂੰ ਉੱਚ ਪਦਵੀਆਂ ਤੇ ਬਿਠਾ ਧਨਵਾਨ ਬਣਾ ਦਿੰਦਾ ਹੈਂ। ਹਰ ਮਨੁੱਖ ਉਮਰ ਭਰ ਇਹ ਜੁਗਤਾਂ ਸਿੱਖਣ ਲਈ ਯਤਨਸ਼ੀਲ ਰਹਿੰਦਾ ਹੈ ਕਿ ਉਹ ਦੂਜਿਆਂ ਨੂੰ ਕਿਵੇਂ ਪ੍ਰਭਾਵਿਤ ਕਰ ਸਕੇਗਾ। ਇਸ ਲੇਖ ਵਿਚ ਗੁਰਬਖ਼ਸ਼ ਸਿੰਘ ਨੇ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਸ਼ਬਦ ਭਾਵ ਬੋਲਚਾਲ ਦਾ ਸੁਚੱਜਾ ਹੁਨਰ ਜੀਵਨ ਸਫਲਤਾ ਦਾ ਸਾਧਨ ਹੈ :

"ਇਸ ਵਿਚ ਰਤਾ ਜਿੰਨੀ ਅਤਿਕਥਨੀ ਨਹੀਂ ਕਿ ਸ਼ਬਦ ਦੀ ਵਰਤੋਂ, ਗੱਲਬਾਤ ਦੇ ਹੁਨਰ ਨੂੰ ਮੁਕੰਮਲ ਕਰਕੇ ਹਰ ਕੋਈ ਆਪਣੇ ਆਲੇ- ਦੁਆਲੇ ਉਤੇ ਕਾਬੂ ਪਾ ਸਕਦਾ ਹੈ। ਕੀ ਸੱਸ, ਕੀ ਨੂੰਹ, ਕੀ ਦੋਸਤ, ਕੀ ਸਹੇਲੀ, ਕੀ ਪਤਨੀ, ਕੀ ਮਾਲਕ, ਕੀ ਨੌਕਰ ਸਭ ਦੇ ਸਭ ਸਾਡੀ ਇੱਛਾ ਨੂੰ ਆਪਣੀ ਇੱਛਾ ਬਣਾ ਲੈਣਗੇ। ਹਰੇਕ ਇਨਸਾਨ ਤਾਕਤ ਦਾ ਭੁੱਖਾ ਹੁੰਦਾ ਹੈ ਤੇ ਹਰ ਵਸੀਲੇ ਨਾਲ ਤਾਕਤ ਹਾਸਲ ਕਰਨ ਦਾ ਯਤਨ ਕਰਦਾ ਹੈ। ਘੁਲਣਾ ਸਿਖਦਾ ਹੈ, ਹਥਿਆਰ ਬਣਾਂਦਾ ਹੈ, ਧਨ ਜੋੜਦਾ ਹੈ, ਚਲਾਕੀਆਂ ਕਰਦਾ ਹੈ, ਪਰ ਇਨ੍ਹਾਂ ਵਿਚੋਂ ਕਿਸੇ ਵੀ ਸਾਧਨ ਵਿਚ ਉਹ ਤਾਕਤ ਨਹੀਂ ਜਿਹੜੀ ਸ਼ਬਦਾਂ ਦੀ ਸੁਚੱਜੀ ਵਰਤੋਂ ਵਿਚ ਹੈ। ਸ਼ਬਦ ਇਕ ਜਾਦੂ ਦਾ ਟੁਕੜਾ ਹੈ, ਚੰਗੇ ਸ਼ਬਦ ਚੰਗੀ ਤਰ੍ਹਾਂ ਵਰਤ ਸਕਣ ਵਾਲਾ ਕਾਮਲ ਜਾਦੂਗਰ ਹੈ।....ਇਹ ਹਾਰਿਆਂ ਨੂੰ ਜਿੱਤਾ ਸਕਦਾ ਹੈ, ਉਜੜਿਆ ਨੂੰ ਵਸਾ ਸਕਦਾ ਹੈ, ਇਹ ਵਹਿਸ਼ੀਆਂ ਨੂੰ ਸਿੱਧਾ ਕਰ ਸਕਦਾ ਹੈ।"[23] ਇਸ ਲੇਖ ਵਿਚ ਲੇਖਕ ਨੇ ਇਹ ਸੁਨੇਹਾ ਦਿੱਤਾ ਹੈ ਕਿ ਕਦੇ ਕਿਸੇ ਨੂੰ ਵੀ ਮੰਦੇ ਸ਼ਬਦ ਨਹੀਂ ਬੋਲਣੇ ਚਾਹੀਦੇ। ਵੱਡਿਆਂ ਤੇ ਮਾਪਿਆਂ ਵੱਲੋਂ ਦਿੱਤਾ ਉਤਸ਼ਾਹ ਬੱਚਿਆਂ ਦੀ ਸ਼ਖ਼ਸੀਅਤ ਨਿਖਾਰਨ ਤੇ ਸਫਲਤਾ ਦਾ ਸਾਧਨ ਬਣਦਾ ਹੈ। ਕਿਸੇ ਦੀ ਨੁਕਤਾਚੀਨੀ, ਨਿੰਦਾ ਜਾਂ ਅਪਸ਼ਬਦ ਬੋਲਣ ਵਾਲਾ ਵਿਅਕਤੀ ਦੂਜੇ ਨੂੰ

ਮਾਨਸਿਕ ਪੀੜਾ ਦੇ ਨਾਲ ਖੁਦ ਪੀੜ੍ਹਤ ਹੁੰਦਾ ਹੈ। ਮਾਰਨ-ਦਰਸ਼ਨ ਕਰਨ ਵਾਲੇ ਧਾਰਮਿਕ ਗੁਰੂਆਂ, ਆਗੂਆਂ, ਵਿਦਵਾਨਾਂ ਆਦਿ ਨੇ ਅਪਸ਼ਬਦ ਨਾ ਬੋਲਣ ਦੀ ਤਾਕੀਦ ਕੀਤੀ ਹੈ।

## 11. ਕਾਮਯਾਬੀ

ਹਰ ਮਨੁੱਖ ਦੀ ਇਹ ਚਾਹਨਾ ਹੁੰਦੀ ਹੈ ਕਿ ਉਹ ਜੀਵਨ ਵਿਚ ਕਮਯਾਬ ਹੋਵੇ। ਕਾਮਯਾਬੀ ਦੀ ਪ੍ਰਾਪਤੀ ਲਈ ਉਹ ਧਾਰਮਿਕ ਸਥਾਨਾਂ ਤੇ ਮੱਥੇ ਟੇਕਦਾ ਤੇ ਨੇਤਾਵਾਂ ਦੇ ਮਿੰਨਤ-ਤਰਲੇ ਕਰਦਾ ਹੈ। ਦੇਸ਼ ਵਿਚ ਆਬਾਦੀ ਦੇ ਨਿਰੰਤਰ। ਵਾਧੇ ਕਰਕੇ ਰੁਜ਼ਗਾਰ ਥੋੜ੍ਹੇ ਹਨ ਤੇ ਇਨ੍ਹਾਂ ਨੂੰ ਹਾਸਲ ਕਰਨ ਵਾਲੇ ਕਾਮਿਆਂ ਦੀ ਗਿਣਤੀ ਲੱਖਾਂ-ਕਰੋੜਾਂ ਵਿਚ ਹੈ। ਲੇਖਕ ਰੁਜ਼ਗਾਰ ਪ੍ਰਾਪਤੀ ਲਈ ਸੁਚੇਤ ਰਹਿਣ ਤੇ ਮਿਹਨਤ ਕਰਨ ਦਾ ਸੁਨੇਹਾ ਦਿੰਦਾ ਹੈ। ਮਿਹਨਤ ਕਰਕੇ ਮਨ ਵਿਚ ਕੰਮ ਕਰਨ ਦੀ ਇੱਛਾ ਸ਼ਕਤੀ ਉਪਜਾ ਕੇ ਸਫਲਤਾ ਹਾਸਲ ਕੀਤੀ ਜਾ ਸਕਦੀ ਹੈ। ਸਾਡੇ ਦੇਸ਼ ਵਿਚ ਕਿਸਮਤ ਤੇ ਕਿਸੇ ਚਮਤਕਾਰ ਦੀ ਆਸ ਵਿਚ ਬਹੁ ਗਿਣਤੀ ਨੌਜਵਾਨ ਸਵੈ-ਵਿਸ਼ਵਾਸ ਖੋ ਬੈਠਦੇ ਹਨ। ਅਸਫਲ ਵਿਅਕਤੀਆਂ ਲਈ ਲੇਖਕ ਨੇ ਸੰਦੇਸ਼ ਦਿੱਤਾ ਹੈ: ਕੁਝ ਵੀ ਸਦਾ ਲਈ ਨਿਸ਼ਚਿਤ ਨਹੀਂ ਹੈ। ਭਾਗ ਬਦਲ ਸਕਦੇ ਹਨ, ਸੁਭਾਉ ਬਦਲ ਜਾਂਦੇ ਹਨ। ਜਿਹੋ ਜਿਹੀ ਯੋਗਤਾ ਦੀ ਤ੍ਰਿਸ਼ਨਾ ਹੋਵੇ, ਉਹੋ ਜਿਹੀ ਯੋਗਤਾ ਪੈਦਾ ਕੀਤੀ ਜਾ ਸਕਦੀ ਹੈ।ਨਾ ਉਮਰ ਮੁਕਰਰ ਹੈ, ਨਾ ਸਿਹਤ ਲਿਖੀ ਗਈ ਹੈ, ਨਾ ਧਨ ਵੰਡਿਆ ਗਿਆ ਹੈ। ਪ੍ਰਾਪਤ ਦੇ ਅਟੱਲ ਨਿਯਮਾਂ ਦੇ ਅਧੀਨ ਜੋ ਚਾਹੇ ਪ੍ਰਾਪਤ ਕੀਤਾ ਜਾ ਸਕਦਾ ਹੈ।[24] ਲੇਖਕ ਨੇ ਕਾਮਯਾਬੀ ਦੇ ਚਾਰ ਮੂਲ ਸਾਧਨ ਦੱਸੇ ਹਨ: ਸਵੈ-ਪੜਤਾਲ, ਮਨੋਰਥ ਦੀ ਏਕਤਾ, ਸਵੈਕਾਬੂ ਅਤੇ ਆਚਾਰ।ਇਨ੍ਹਾਂ ਪ੍ਰਤੀ ਇਕਾਗਰਤਾ ਤੇ ਪਰਪੱਕਤਾ ਜੀਵਨ ਵਿਚ ਸਫਲਤਾ ਦਾ ਆਧਾਰ ਬਣਦੀ ਹੈ।

## 12. ਸਾਵੀਂ ਪੱਧਰੀ ਜ਼ਿੰਦਗੀ

ਲੇਖਕ ਦੀ ਇਸ ਪੁਸਤਕ ਦਾ ਨਾਂ ਇਸੇ ਲੇਖ ਵਾਲਾ 'ਸਾਵੀਂ ਪੱਧਰੀ ਜ਼ਿੰਦਗੀ' ਹੈ। ਸਾਵੀਂ ਪੱਧਰੀ ਜ਼ਿੰਦਗੀ ਜੀਉਣ ਲਈ ਮਨੁੱਖ ਨੂੰ ਹਮੇਸ਼ਾ ਸਮੁੱਚੀ ਕੁਦਰਤ ਦੇ ਭਲੇ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ। ਕੁਦਰਤ ਦੀ ਹਰ ਹੋਂਦ ਅਤੇ ਕੋਈ ਵੀ ਵਿਚਾਰ ਸਮੇਂ ਨਾਲ ਬਦਲ ਜਾਂਦੇ ਹਨ। ਲੇਖਕ ਨੇ ਸਾਵੀਂ ਪੱਧਰੀ ਜ਼ਿੰਦਗੀ ਜੀਉਣ ਲਈ ਪੰਜ ਧੁਰੇ ਮੰਨੇ ਹਨ :-

1. ਆਰਥਿਕ : ਰੋਜ਼ੀ-ਰੋਟੀ ਦਾ ਮਸਲਾ
2. ਭਾਈਚਾਰਕ :ਭਾਈਚਾਰੇ ਵਿਚ ਪੁੱਛ ਪ੍ਰਤੀਤ
3. ਦਿਮਾਗੀ :ਅਕਲ ਅਤੇ ਬੁੱਧੀ ਦੁਆਰਾ ਚੰਗੀਆਂ ਪਦਵੀਆਂ ਦੀ ਪ੍ਰਾਪਤੀ
4. ਅਖ਼ਲਾਕੀ ਚੰਗਾ ਚਰਿੱਤਰ
5. ਆਤਮਿਕ ਬ੍ਰਹਿਮੰਡ ਨਾਲ ਇਕ ਸੁਰਤਾ

ਇਨ੍ਹਾਂ ਸਾਵੀਂ ਪੱਧਰੀ ਜ਼ਿੰਦਗੀ ਜੀਉਣ ਦੇ ਪੰਜ ਕੇਂਦਰੀ ਧੁਰਿਆਂ ਅਨੁਸਾਰ ਆਪਣੀ ਜੀਵਨ ਦਿਨ-ਚਰਿਆ ਢਾਲ ਕੇ ਹਰ ਵਿਅਕਤੀ ਜੀਵਨ ਵਿਚ

ਉੱਚ-ਸਫਲਤਾਵਾਂ ਹਾਸਲ ਕਰ ਸਕਦਾ ਹੈ।

**13. ਖ਼ੁਸ਼ੀ ਕੀ ਹੈ?**

ਇਸ ਲੇਖ ਵਿਚ ਖ਼ੁਸ਼ੀ ਦੇ ਸਰੂਪ ਅਤੇ ਇਸ ਦੀ ਪ੍ਰਾਪਤੀ ਦੀਆਂ ਵਿਧੀਆਂ ਦੱਸੀਆਂ ਹਨ। ਖ਼ੁਸ਼ੀ ਕਾਇਨਾਤ ਦੇ ਜ਼ਰੇ-ਜ਼ਰੇ ਵਿਚ ਹੈ ਇਸ ਸਬੰਧੀ ਚੇਤੰਨ ਹੋਣ ਦੀ ਲੋੜ ਹੈ।ਲੇਖ ਦਾ ਵਿਚਾਰ ਹੈ ਕਿ ਖ਼ੁਸ਼ ਰਹਿਣ ਦਾ ਵੱਡਾ ਕਾਰਨ ਸਰੀਰਕ ਤੰਦਰੁਸਤੀ ਹੈ। ਇਸ ਦੇ ਨਾਲ ਇਹ ਵੀ ਜ਼ਰੂਰੀ ਹੈ ਕਿ ਵਿਅਕਤੀ ਜੋ ਵੀ ਕਿੱਤਾ ਕਰਦਾ ਹੈ ਉਸ ਵਿਚ ਪਰਪੱਕ ਤੇ ਨਿਪੁੰਨ ਹੋਣਾ ਚਾਹੀਦਾ ਹੈ ਜਿਸ ਨਾਲ ਉਸ ਨੂੰ ਜੀਵਨ ਦੀਆਂ ਮੁਢਲੀਆਂ ਲੋੜਾਂ ਦੀ ਪ੍ਰਾਪਤੀ ਦਾ ਸੰਸਾ ਨਹੀਂ ਰਹਿੰਦਾ। ਨਵਾਂ ਸਿੱਖਣ ਤੇ ਗਿਆਨ ਹਾਸਲ ਕਰਨ ਨਾਲ ਮਾਨਸਿਕ ਸਕੂਨ ਤੇ ਖ਼ੁਸ਼ੀ ਮਿਲਦੀ ਹੈ। ਸਮੁੱਚੀਆਂ ਕੋਮਲ-ਕਲਾਵਾਂ ਦਾ ਗਿਆਨ, ਸਾਹਿਤ, ਸੰਗੀਤ, ਨਾਟਕ ਅਤੇ ਇਸ਼ਕ ਆਦਿ ਖ਼ੁਸ਼ੀ ਦੇ ਸਾਧਨ ਹਨ। ਕਿਸੇ ਦੇਸ਼ ਦੀ ਆਰਥਿਕ ਸੰਪੰਨਤਾ , ਸਮਾਜਿਕ ਭਾਈਚਾਰਾ ਅਤੇ ਅਮਨ-ਸ਼ਾਂਤੀ ਸਦੀਵੀਂ ਖ਼ੁਸ਼ੀ ਲਈ ਅਤਿ ਜ਼ਰੂਰੀ ਹਨ। ਨਿਰੰਤਰ ਮਿਹਨਤ ਅਤੇ ਜੱਦੋ-ਜਹਿਦ ਕਰਨ ਦਾ ਜਜ਼ਬਾ ਵੀ ਖ਼ੁਸ਼ ਰਹਿਣ ਲਈ ਸਹਾਈ ਹੁੰਦਾ ਹੈ। ਖ਼ੁਸ਼ੀ ਬੇਅੰਤਤਾ ਬਾਰੇ ਗੁਰਬਖ਼ਸ਼ ਸਿੰਘ ਨੇ ਕਿਹਾ ਹੈ, "ਦੁਨੀਆਂ ਵਿਚ ਖ਼ੁਸ਼ੀ ਦੀ ਘਾਟ ਨਹੀਂ। ਪੰਛੀਆਂ ਦੇ ਖੰਭਾਂ ਵਿਚ ਖ਼ੁਸ਼ੀ ਹੈ। ਬਿਰਛਾਂ ਦੀਆਂ ਲਗਰਾਂ ਵਿਚ ਖ਼ੁਸ਼ੀ ਹੈ। ਫੁੱਲਾਂ ਦੇ ਲਹਿਰੀਏ ਵਿਚ ਖ਼ੁਸ਼ੀ ਹੈ। ਬੱਚਿਆਂ ਦੀ ਮੁਸਕਾਨ ਵਿਚ, ਪਿਆਰ ਮੰਗਦੇ ਨੈਣਾਂ ਵਿਚ, ਗਲਵਕੜੀ ਲਈ ਖੁੱਲੀਆਂ ਬਾਹਾਂ ਵਿਚ, ਮਾਂ ਦੀ ਝੋਲ ਵਿਚ....ਕਿਥੇ ਖ਼ੁਸ਼ੀ ਨਹੀਂ? ਨਵ-ਚੰਨ ਦੀ ਫਾਂਕ ਵਿਚ ਨਹੀਂ ਕਿ ਪੁੰਨਿਆ ਦੇ ਚੰਨ ਵਿਚ ਨਹੀਂ?[25]

**14. ਖ਼ੁਸ਼ੀ ਦਾ ਮਾਰਗ**

ਇਸ ਲੇਖ ਵਿਚ ਗੁਰਬਖ਼ਸ਼ ਸਿੰਘ ਨੇ ਖ਼ੁਸ਼ੀ ਪ੍ਰਾਪਤ ਕਰਨ ਦੀ ਵਿਧੀ ਬਾਰੇ ਦੱਸਿਆ ਹੈ । ਖ਼ੁਸ਼ੀ ਸਵੈ-ਕੇਂਦਰਤ ਕਰਨ ਵਾਲੀ ਜਾਂ ਰੱਬੀ ਦਾਤ ਨਹੀਂ ਹੈ। ਸਾਧਨਾਂ ਦੀ ਸੰਪੰਨਤਾ ਅਤੇ ਔਲਾਦ ਦੀ ਪ੍ਰਾਪਤੀ ਨਾਲ ਹੀ ਖ਼ੁਸ਼ੀ ਪ੍ਰਾਪਤ ਨਹੀਂ ਹੋ ਸਕਦੀ। ਖ਼ੁਸ਼ੀ ਦੀ ਪ੍ਰਾਪਤੀ ਸਮੂਹਿਕ ਯਤਨਾਂ ਨਾਲ ਹੁੰਦੀ ਹੈ। ਲੇਖਕ ਨੇ ਇੱਕ ਉਦਾਹਰਣ ਰਾਹੀਂ ਸਮਝਾਇਆ ਹੈ ਕਿ ਦੋ ਪਰਿਵਾਰ ਦਸ-ਦਸ ਮੁਰੱਬਿਆਂ ਦੇ ਮਾਲਕ ਸਨ। ਇੱਕ ਪਰਿਵਾਰ ਆਪਸ ਵਿਚ ਰਲ ਕੇ ਤੇ ਪੂਰੀ ਤਾਣ ਲਾ ਇਕੱਠੇ ਖੇਤੀ ਕਰਦੇ ਖ਼ੁਸ਼ ਸਨ ਜਦ ਕਿ ਦੂਜੇ ਪਰਿਵਾਰ ਦੇ ਪੰਜ ਮੈਂਬਰ ਜ਼ਮੀਨ ਵੰਡ ਲਈ ਤੇ ਆਪਸ ਵਿਚ ਈਰਖਾ ਕਰਦੇ ਖੇਤੀ ਕਰਦੇ ਹਨ। ਮਨ 'ਚ ਆਪਸੀ ਮੈਲ ਕਰਕੇ ਉਹ ਕਾਮਯਾਬ ਨਹੀਂ ਹੁੰਦੇ। ਲੇਖਕ ਅਨੁਸਾਰ ਖ਼ੁਸ਼ੀ, ਚੇਤਨਾ, ਸੂਝ ਤੇ ਦਲੀਲ ਭਰੇ ਯਤਨਾਂ ਦਾ ਨਤੀਜਾ ਹੈ। ਮਨੁੱਖ ਦੀ ਸਰੀਰਕ ਤੰਦਰੁਸਤੀ, ਸੁਚੱਜੀ ਜੀਵਨ-ਜਾਚ, ਸਾਥੀਆਂ ਦੀ ਕਦਰ, ਮਨੁੱਖਤਾ ਦੇ ਭਲੇ ਦੀ ਚਾਹਨਾ ਤੇ ਜੀਵਨ ਪ੍ਰਤੀ ਅਗਾਂਹਵਧੂ ਯਤਨ ਆਦਿ ਖ਼ੁਸ਼ੀ ਦੇ ਮਾਰਗ ਵਿਚ ਅਹਿਮ ਰੋਲ ਅਦਾ ਕਰਦੇ ਹਨ।

**15. ਖ਼ੁਸ਼ੀ ਮਨੋਵਿਗਿਆਨਕ ਪ੍ਰਾਣ ਹੈ**

ਇਸ ਲੇਖ ਵਿਚ ਲੇਖਕ ਨੇ ਖ਼ੁਸ਼ੀ ਹਾਸਲ ਕਰਨ ਦੇ ਸਾਧਨਾਂ ਦੀ ਗੱਲ ਕੀਤੀ ਹੈ। ਲੇਖਕ ਅਨੁਸਾਰ ਖ਼ੁਸ਼ੀ ਦੀ ਪ੍ਰਾਪਤੀ ਲਈ ਲੋਕ ਸਾਧਾਂ ਸੰਤਾਂ ਤੇ ਸਿਆਣਿਆਂ ਅੱਗੇ ਮੱਥੇ ਟੇਕਦੇ ਹਨ ਜਦ ਕਿ ਖ਼ੁਸ਼ੀ ਵਿਅਕਤੀ ਦਾ ਮਨੋਵਿਗਿਆਨਕ ਪ੍ਰਾਣ ਹੈ। ਅਜੋਕੇ ਵਿਗਿਆਨਕ ਦੌਰ ਵਿਚ ਹਰ ਕੰਮ ਨੂੰ ਨਿਪੁੰਨਤਾ ਤੇ ਯੋਜਨਾਵਤ ਢੰਗ ਨਾਲ ਸੀਮਤ ਸਮੇ ' ਵਿਚ ਕਰਕੇ ਖ਼ੁਸ਼ੀ ਹਾਸਲ ਕਰਦੇ ਹਾਂ। ਮਨੁੱਖ ਨੂੰ ਵਿਹਲੇ ਨਹੀਂ ਰਹਿਣਾ ਚਾਹੀਦਾ, ਮਨੁੱਖਤਾ ਦੇ ਭਲੇ ਲਈ ਕੁਝ ਨਾ ਕੁਝ ਕਰਦੇ ਰਹਿਣਾ ਚਾਹੀਦਾ ਹੈ। ਘਰ ਦੀ ਖੇਤੀ, ਘਰ ਦੀ ਸਫਾਈ, ਬਾਗਬਾਨੀ, ਲੋੜਵੰਦਾਂ ਦੀ ਸਹਾਇਤਾ, ਸੈਰ, ਕਸਰਤ, ਪੜ੍ਹਨਾ-ਲਿਖਣਾ ਆਦਿ ਕੰਮ ਕਰਨ ਨਾਲ ਖ਼ੁਸ਼ੀ ਮਿਲਦੀ ਹੈ। ਰੋਜ਼ਾਨਾ ਕੋਈ ਵੀ ਖੇਡ-ਖੇਡਣ ਨਾਲ ਉਦਾਸੀ ਨੇੜੇ ਨਹੀਂ ਆਉਂਦੀ ਅਤੇ ਸਰੀਰ ਵੀ ਸਡੋਲ ਬਣਿਆ ਰਹਿੰਦਾ ਹੈ। ਇਹ ਸਾਰੀਆਂ ਸਰੀਰਕ ਕਿਰਿਆਵਾਂ ਮਾਨਸਿਕ ਤ੍ਰਿਪਤੀ ਤੇ ਖ਼ੁਸ਼ੀ ਦਿੰਦੀਆਂ ਹਨ। ਜਦ ਕਿ ਅੱਜ-ਕੱਲ ਦੂਜਿਆਂ ਤੇ ਦੋਸ਼ ਲਗਾਉਣ ਤੇ ਨਿਮਨ ਪੱਧਰੀ ਸ਼ਬਦਾਵਲੀ ਵਰਤੀ ਆਮ ਗੱਲ ਹੋ ਗਈ ਹੈ। ਜਦ ਕਿ ਮਨੁੱਖ ਨੂੰ ਸਹਿਜਮਈ ਜੀਵਨ ਜਿਉਣਾ ਚਾਹੀਦਾ ਹੈ ਕਿਸੇ ਦੀ ਨਿੰਦਾ ਨਹੀਂ ਕਰਨੀ ਚਾਹੀਦੀ ਇਹ ਮਾਨਸਿਕ ਪੀੜਾ ਦਾ ਕਾਰਨ ਬਣਦੀ ਹੈ। ਮਨੁੱਖ ਦੀ ਸੁਚੱਜੀ ਸ਼ਬਦਾਵਲੀ ਜਿੱਥੇ ਸ਼ਖ਼ਸੀਅਤ ਨੂੰ ਨਿਖਾਰਦੀ ਹੈ ਉੱਥੇ ਖ਼ੁਸ਼ੀ ਦਾ ਜ਼ਰੀਆ ਵੀ ਬਣਦੀ ਹੈ।

**16. ਮੌਤ ਦੇਵ**

ਇਸ ਪੁਸਤਕ ਦਾ ਆਖਰੀ ਲੇਖ ਮੌਤ ਸਬੰਧੀ ਹੈ। ਲੇਖਕ ਦਾ ਅਨੁਸਾਰ ਮਨੁੱਖ ਮੌਤ ਦੀ ਅਸਲ ਸੱਚਾਈ ਤੋਂ ਅਣਜਾਣ ਹੈ। ਇਸੇ ਕਰਕੇ ਮੌਤ ਤੋਂ ਡਰਦੇ ਰਹਿੰਦੇ ਹਨ। ਆਪਣੇ ਬੱਚਿਆਂ ਨਾਲ ਮੌਤ ਦੀ ਸੱਚਾਈ ਬਾਰੇ ਗੱਲ ਨਹੀਂ ਕਰਦੇ। ਮੌਤ ਜੀਵਨ ਦੀ ਸੱਚਾਈ ਹੈ ਇਸ ਕਰਕੇ ਹੀ ਜੀਵਨ ਵਿਚ ਕੁਝ ਨਵਾਂ ਵਾਪਰਦਾ ਹੈ। ਮੌਤ ਦੀ ਸੱਚਾਈ ਮਨੁੱਖ ਨੂੰ ਚੇਤੰਨ ਰੱਖਦੀ ਹੈ। ਮੌਤ ਕਰਕੇ ਹੀ ਇੱਕ ਪੀੜ੍ਹੀ ਇਸ ਸੰਸਾਰ ਤੋਂ ਰੁਖ਼ਸਤ ਹੁੰਦੀ ਹੈ ਤੇ ਨਵੀਂ ਪੀੜ੍ਹੀ ਉਸ ਦੀ ਥਾਂ ਜ਼ਿੰਮੇਵਾਰੀਆਂ ਸਾਂਭ ਲੈਂਦੀ ਹੈ। ਮੌਤ ਦੀ ਸੱਚਾਈ ਬਾਰੇ ਗੁਰਬਖ਼ਸ਼ ਸਿੰਘ ਦਾ ਕਥਨ ਹੈ, "ਮੌਤ ਜ਼ਿੰਦਗੀ ਦਾ ਸਭ ਤੋਂ ਉਸਾਰੂ ਹੰਭਲਾ ਹੈ, ਜਿੰਨਾ ਚਿਰ ਛੋਟੇ ਮੋਟੇ ਵਿਕਾਸ ਨਾਲ ਜ਼ਿੰਦਗੀ ਦੀ ਅੰਤ੍ਰੀਵ ਧੂ ਪੂਰੀ ਹੋ ਸਕਦੀ ਹੈ, ਓਨਾ ਚਿਰ ਛੋਟੇ ਹੰਭਲੇ ਤੇ ਛੋਟੀਆਂ ਤਬਦੀਲੀਆਂ ਨਾਲ ਕੰਮ ਸਰਦਾ ਜਾਂਦਾ ਹੈ। ਮੌਤ, ਜ਼ਿੰਦਗੀ ਦੀਆਂ ਤਾਕਤਾਂ ਵਿਚੋਂ ਇਕ ਸ਼ਿਰੋਮਣੀ ਤਾਕਤ ਹੈ।.....ਮੈਂ ਸਿਰਫ ਮਰਨਾ ਚਾਹਾਂਗਾ। ਜ਼ਿਆਦਾ ਤੋਂ ਜ਼ਿਆਦਾ 'ਪੂਰਾ ਹੋਣਾ' ਮੇਰੇ ਮਰਨ ਦਾ ਠੀਕ ਭਾਵ ਅਦਾ ਕਰ ਸਕਦਾ ਹੈ। ਕਿਉਂਕਿ ਮੈਂ ਸਮਝਦਾ ਹਾਂ, ਮੇਰੀ ਜ਼ਿੰਦਗੀ ਮੌਤ ਬਿਨਾਂ ਪੂਰੀ ਨਹੀਂ ਹੋ ਸਕਦੀ। ਮੌਤ ਮੇਰੀ ਪੂਰਨਤਾ ਹੈ।'[26]

ਗੁਰਬਖ਼ਸ਼ ਸਿੰਘ ਪ੍ਰੀਤਲੜੀ ਅੱਜ ਸਾਡੇ ਵਿਚ ਮੌਜੂਦ ਨਹੀਂ ਹੈ ਪਰ ਉਨ੍ਹਾਂ ਦੀਆਂ ਲਿਖਤਾਂ ਪੀੜ੍ਹੀਆਂ ਤੱਕ ਪੰਜਾਬੀ ਪਾਠਕਾਂ ਅਤੇ ਪੰਜਾਬੀ ਲਿਖਾਰੀਆਂ ਦਾ ਮਾਰਗ-ਦਰਸ਼ਨ ਕਰਦੀਆਂ ਰਹਿਣਗੀਆਂ। ਉਹ ਪੰਜਾਬੀ ਬੋਲੀ ਅਤੇ ਪੰਜਾਬੀ ਸਾਹਿਤ ਜਗਤ ਦੇ ਮਹਾਨ ਉਸਰੱਈਆਂ ਵਿਚ ਗਿਣੇ ਜਾਂਦੇ ਹਨ। ਉਨ੍ਹਾਂ ਨੇ ਪੁਰਾਣੇ

176403

ਪੀੜ੍ਹੀਆਂ ਤੋਂ ਚਲੇ ਆ ਰਹੇ ਦਕਿਆਨੂਸੀ ਰੀਤੀ-ਰਿਵਾਜਾਂ ਅਤੇ ਵਿਚਾਰਾਂ ਦੀ ਥਾਂ ਸਿੱਖਿਆ ਦੇ ਪਸਾਰ ਅਤੇ ਆਧੁਨਿਕ ਵਿਗਿਆਨਕ ਵਿਚਾਰਾਂ ਦੇ ਸੱਚ ਤੋਂ ਵਾਕਿਫ ਹੋਣ ਕਾਰਨ ਉਨ੍ਹਾਂ ਨੇ ਆਪਣੇ ਵਿਚਾਰਾਂ ਨੂੰ ਨਵੇਂ ਰੰਗ ਵਿਚ ਰੰਗ ਕੇ ਪਾਠਕਾਂ ਨੂੰ ਪੇਸ਼ ਕੀਤਾ। ਉਨ੍ਹਾਂ ਦੀਆਂ ਲਿਖਤਾਂ ਵਿਚ ਵਤਨਪ੍ਰਸਤੀ, ਮਾਨਵਤਾ ਦੀ ਭਲਾਈ ਅਤੇ ਕੁਦਰਤ 'ਚ ਰੰਗੇ ਜਾਣ ਦੀਆਂ ਗੱਲਾਂ ਕੀਤੀਆਂ ਗਈਆਂ ਹਨ। ਗੁਰਬਖ਼ਸ਼ ਸਿੰਘ ਦੀ 'ਸਾਵੀਂ ਪੱਧਰੀ ਜ਼ਿੰਦਗੀ' ਦੀ ਸ਼ੈਲੀ ਆਪਣੇ ਆਪ ਵਿਚ ਇਕ ਮਿਸਾਲ ਹੈ। ਜ਼ਿੰਦਗੀ ਪੁਸਤਕ ਵਿਚ ਜੀਵਨ ਦੇ ਵੱਖ-ਵੱਖ ਸਰੋਕਾਰਾਂ ਨਾਲ ਸਬੰਧਤ 16 ਲੇਖ ਸ਼ਾਮਲ ਕੀਤੇ ਗਏ ਹਨ। ਇਸ ਪੁਸਤਕ ਦਾ ਪਹਿਲਾ ਪ੍ਰਕਾਸ਼ਨ ਦੇਸ਼ ਅਜ਼ਾਦ ਹੋਣ ਤੋਂ ਪਹਿਲਾਂ 1943 ਈ. ਵਿਚ ਹੋਇਆ ਸੀ।

### ਹਵਾਲੇ ਅਤੇ ਟਿੱਪਣੀਆਂ:


1. ਜੋਗਿੰਦਰ ਸਿੰਘ ਪੁਆਰ ਰਤਨ ਸਿੰਘ ਜੱਗੀ(ਸੰਪਾ)ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਪ੍ਰਤੀਨਿਧ ਲੇਖ, ਪੰਨਾ 175.
2. ਉਹੀ, ਪੰਨਾ 5
3. ਡਾ. ਨਰਿੰਦਰ ਸਿੰਘ ਕਪੂਰ (ਸੰਪਾ.) ਗੁਰਬਖਸ਼ ਸਿੰਘ ਪ੍ਰੀਤਲੜੀ ਮੇਰੇ ਝਰੋਖੇ ਚੋਂ ਪੰਨਾ 47
4. ਰਤਨ ਸਿੰਘ ਜੱਗੀ (ਸੰਪਾ.) ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਪ੍ਰਤੀਨਿਧ, ਪੰਨਾ, 175
5. ਉਹੀ, ਪੰਨੇ 442-443.
6. ਗੁਰਬਖ਼ਸ਼ ਸਿੰਘ: ਰੁੱਖਾਂ ਦੀ ਜੀਰਾਂਦ, ਪੰਨੇ 6-7.
7. ਉਹੀ, ਪੰਨੇ 116-117.
8. ਗੁਰਬਖ਼ਸ਼ ਸਿੰਘ: ਮੰਜ਼ਿਲ ਦਿਸ ਪਈ, ਪੰਨਾ 26.
9. ਰਤਨ ਸਿੰਘ ਜੱਗੀ (ਸੰਪਾ) ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਪ੍ਰਤੀਨਿਧ, ਪੰਨੇ3-4.
10. ਡਾ.ਹਰਭਜਨ ਸਿੰਘ : ਪਰਤਾਂਜਲੀ, ਪੰਨਾ 26.
11. ਉਹੀ, ਪੰਨੇ 219-220.
12. ਡਾ. ਜਗਜੀਵਨ ਸਿੰਘ: ਖੋਜ ਪਤ੍ਰਿਕਾ, ਸਤੰਬਰ 2005, ਡਾ. ਗੁਰਨਾਇਬ ਸਿੰਘ (ਮੁੱਖ ਸੰਪਾ) ਪੰਨਾ, 124.
13. ਰਤਨ ਸਿੰਘ ਜੱਗੀ (ਸੰਪਾ.) ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਪ੍ਰਤੀਨਿਧ ਲੇਖ, ਪੰਨਾ 108.
14. ਰਤਨ ਸਿੰਘ ਜੱਗੀ (ਸੰਪਾ.) ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਪ੍ਰਤੀਨਿਧ ਲੇਖ, ਪੰਨਾ 105.
15. ਰਤਨ ਸਿੰਘ ਜੱਗੀ (ਸੰਪਾ.) ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਪ੍ਰਤੀਨਿਧ), ਪੰਨੇ

106-107.

16. ਰਤਨ ਸਿੰਘ ਜੱਗੀ (ਸੰਪਾਦਕ) ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਪ੍ਰਤੀਨਿਧ), ਪੰ 385.

17. ਰਤਨ ਸਿੰਘ ਜੱਗੀ (ਸੰਪਾ.) ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਪ੍ਰਤੀਨਿਧ),ਪੰ 112-113.

18. ਰਤਨ ਸਿੰਘ ਜੱਗੀ (ਸੰਪਾਦਕ) ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਪ੍ਰਤੀਨਿਧ), ਪੰਨ 121.

19. ਰਤਨ ਸਿੰਘ ਜੱਗੀ (ਸੰਪਾਦਕ) ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਪ੍ਰਤੀਨਿਧ ਲੇਖ ਪੰਨਾ 124.

20. ਗੁਰਬਖ਼ਸ਼ ਸਿੰਘ: ਸਾਵੀਂ ਪੱਧਰੀ ਜ਼ਿੰਦਗੀ, ਪੰਨਾ 77.

21. ਉਹੀ, ਪੰਨਾ 91.

22. ਉਹੀ, ਪੰਨਾ 100.

23. ਰਤਨ ਸਿੰਘ ਜੱਗੀ (ਸੰਪਾ.) ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਪ੍ਰਤੀਨਿਧ ਲੇਖ, ਪੰਨੇ 125-126.

24. ਗੁਰਬਖਸ਼ ਸਿੰਘ : ਸਾਵੀਂ ਪੱਧਰੀ ਜ਼ਿੰਦਗੀ, ਪੰਨਾ 112.

25. ਉਹੀ, ਪੰਨਾ 149.

26. ਰਤਨ ਸਿੰਘ ਜੱਗੀ (ਸੰਪਾਦਕ) ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਪ੍ਰਤੀਨਿਧ), ਪੰਨਾ 132.